# ਕਿਸਮਤ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸਿਮਰਨ

•

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸਿਮਰਨ

– ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com

ਮਾਰਚ 1969

ਪਹਿਲੀ ਵਾਰ 1100

ਛਾਪਕ : ਗੁਰਬਖਸ਼ ਸਿੰਘ ਜੰਜੂਆ,
ਅਵਾਮੀ ਪ੍ਰਿੰਟਿੰਗ ਪ੍ਰੈਸ,
ਨਹਿਰੂ ਗਾਰਡਨ ਰੋਡ, ਜਲੰਧਰ ।

Namdhari Elibrary NamdhariElibrary@gmail.com

'ਸਿਮਰਨ' ਦਾ ਪ੍ਰਕਾਸ਼ਨ-ਖਰਚ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ
ਸੇਠ ਤ੍ਰਿਲੋਕ ਸਿੰਘ ਚਾਵਲਾ, ਮੈਨੇਜਿੰਗ ਡਾਇਰੈਕਟਰ,
ਟ੍ਰੇਡਰਜ਼ ਬੈਂਕ, ਨਵੀਂ ਦਿੱਲੀ,
ਨੇ ਕੀਤਾ ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਊਸ

ਨੂੰ

ਜਿਸ

ਪਿਆਰ

ਤੇ

ਪਿਆਰੇ ਦੀ

ਸੂਝ

ਦਿੱਤੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



Namdhari Elibrary NamdhariElibrary@gmail.com

ਇਹ ਹੈ ਸੋਮਾ ਪਿਆਰਾਂ ਦਾ

ਖਿਮਾ, ਸ਼ੀਲਤਾ, ਸਚ, ਸੁਚ, ਸੰਜਮ,
ਘੇਰਾ ਇਦ੍ਹੇ ਦੀਦਾਰਾਂ ਦਾ

ਤਪਤ ਬੁਝੇ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ

ਦੂਖ ਭੁਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਛਣਕਾਰਾਂ ਦਾ

ਸੂਖਮ, ਕੋਮਲ, ਸਦਾ ਸੁਗੰਧਤ
ਮਹਿਰਮ ਦਿਲ ਦੀਆਂ ਤਾਰਾਂ ਦਾ

ਮਾਨੁੱਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ ।

Namdhari Elibrary NamdhariElibrary@gmail.com

ਤੂੰ ਸਮਰੱਥ, ਅਕੱਥ, ਅਗੋਚਰ, ਤੂੰ ਨਿਰ-ਅੰਜਨ ਪਿਆਰੇ
ਸਾਡੇ ਲਈ ਸ-ਗੁਣ ਹੋ ਆਇਓਂ, ਦੇਵਣ ਨੂਰ ਨਜ਼ਾਰੇ
ਦੁਖ ਸੁਖ ਸਾਡੇ ਵਾਂਗ ਭੁਗਤਦਾ, ਆਪ ਕੰਵਲ ਸਮ ਰਹਿਨੈਂ :
ਸ਼ਾਲਾ ! ਆਪਣੀ ਨਜ਼ਰੀਂ ਰੱਖੀਂ, ਇਹ ਅਨੰਦ ਸੁਖ ਸਾਰੇ । ੧ ।

ਊਚ ਨੀਚ ਵਿਚ ਤੇਰਾ ਵਾਸਾ, ਸਭ ਕੁਛ ਤਿਰਾ ਪਸਾਰਾ
ਸੁਖ ਸੁਆਦਾਂ ਲਈ ਸਿਮਟ ਆ ਗਿਓਂ, ਬਣ ਕੇ ਮੇਰਾ ਪਿਆਰਾ
ਰਸਨਾ ਦਾ ਸਿਮਰਨ ਕੀ ਮਾਅਨੇ, ਧੜਕਣ ਸਿਮਰਨ ਹੋਈ :
ਸ਼ਾਲਾ ! ਪਿਆਰ ਸਲਾਮਤ ਰੱਖੀਂ, ਹੈ ਜੋ ਜਗਤ-ਸਹਾਰਾ । ੨ ।



Namdhari Elibrary NamdhariElibrary@gmail com

ਤੇਰਾ ਨਾਮ ਲਿਆਂ ਦੁੱਖ ਨੱਸਣ, ਸੁਖ ਵੱਸਣ ਚੌਫੇਰੇ
ਹਿਰਦੇ ਠੰਢ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ ਪਿਆਰੀ ਲਗਦੀ, ਮੌਤ— ਮਿਠੀ ਗਲਵਕੜੀ :
ਕੇਡਾ ਚੰਗਾ ਹੋਇ ਜਿ ਵਸੇਂ ਨਿਸ ਦਿਨ ਅੰਦਰ ਮੇਰੇ । ੩ ।

ਆ ਮਨ ! ਉਸ ਦਾ ਸਿਮਰਨ ਕਰ ਕੇ ਔਖਾ ਪੰਧ ਮੁਕਾਈਏ
ਉਸ ਦੇ ਨੈਣਾਂ ਚੋਂ ਲੈ ਚਾਨਣ, ਜੀਵਨ-ਮੁਕਤੀ ਪਾਈਏ
ਤੱਕ ਉਸ ਨੂੰ, ਉਹ ਚਿੱਕੜ ਵਿਚ ਰਹਿ, ਕੰਵਲ ਵਾਂਗ ਮੁਸਕਾਂਦਾ :
ਉਸ ਦੇ ਨਾਲ ਯਰਾਨਾ ਰੱਖ, ਕਿਉਂ ਵਿਚ ਉਦਾਸੀ ਆਈਏ । ੪ ।

Namdhari Elibrary NamdhariElibrary@gmail.com

ਤੂੰ ਦਾਤਾ ਬੇਅੰਤ ਹੈਂ, ਵੰਡੀ ਜਾਵੇਂ ਚੁਕ ਚੁਕ
ਛੱਤਾਂ ਪਾੜ ਕਈਆਂ ਨੂੰ ਦੇਵੇਂ, ਦਏਂ ਕਿਸੇ ਨੂੰ ਥੁਕ ਥੁਕ
ਕਿਸੇ ਨੂੰ ਪਾ ਵਖਾਲੇ ਬਖਸੇਂ, ਕਿਸੇ ਨੂੰ ਅੰਦਰ ਵੜ ਕੇ :
ਇਕਨਾਂ ਨੂੰ ਹੰਝੂ ਹੀ ਦੇਨੈਂ ਵੇਖਾਂ ਰੋਂਦੇ ਲੁਕ ਲੁਕ ।੫।

ਜਪ, ਤਪ, ਸੰਜਮ, ਮਾਲਾ ਸਿਮਰਨ, ਜੀ ਨਹੀਂ ਲਾਂਦੇ ਮੇਰਾ
ਮੈਨੂੰ ਤਾਂ ਚਾਹੀਦੈ ਪ੍ਰੀਤਮ ਦਰਸਨ ਪਰਸਨ ਤੇਰਾ
ਤੇਰੀ ਰੱਬਤਾ ਵੀ ਨਾ ਲੋੜਾਂ, ਚਾਹਵਾਂ ਮਾਨੁਖ ਤਨ ਨੂੰ :
ਅੱਠੇ ਪਹਿਰ ਕੋਲ ਰੱਖ ਮੈਨੂੰ, ਦੂਰ ਰਿਹਾਂ ਨਹੀਂ ਜੇਰਾ ।੬।



Namdhari Elibrary NamdhariElibrary@gmail com

ਉਗਵਣ ਤੋਂ ਆਥਣ ਤੱਕ ਪਿਆਰੇ ਤੇਰਾ ਰੂਪ ਚਿਤਾਰਾਂ
ਜੋ ਕੁਝ, ਜਿੰਨ੍ਹੀ ਰੰਗੀਂ ਕਰਨੈਂ, ਵੇਖ ਵੇਖ ਬਲਿਹਾਰਾਂ
ਤੇਰੀ ਮੌਜ ਸਾਗਰੀ ਸੁਹਣੇ, ਜੋ ਲਖਤਾ ਦੇਂ ਅਪਣੀ :
ਬੰਦਾ ਰੂਪ ਤੇਰਾ ਬਣ ਜਾਵੇ, ਮਾਣੇ ਸਦਾ ਬਹਾਰਾਂ । ੭ ।

ਪਤ-ਪਤ, ਡਾਲੀ, ਫੁਲ-ਫੁਲ, ਫਲ-ਫਲ, ਮੈਂ ਪੰਛੀ ਜਿਉਂ ਘੁੰਮਾਂ
ਰੂਪ, ਰੰਗ, ਰਸ, ਕੋਮਲਤਾ ਨੂੰ, ਤਿਤਲੀ ਬਣ ਬਣ ਚੁੰਮਾਂ
ਹੱਥੇ ਹੈਨ ਜੇਕਰਾਂ ਤੇਰੇ, ਤਾਂ ਹੀ ਮੈਨੂੰ ਭਾਂਦੇ :
ਹਠੀ-ਤਪੀ ਨਹੀਂ ਅਹੰਕਾਰ ਲੈ ਜੋ ਖੁਸ਼ਕੀ ਵਿਚ ਗੁੰਮਾਂ । ੮ ।



Namdhari Elibrary NamdhariElibrary@gmail.com

ਵੰਨ ਸੁਵੰਨੇ ਰੂਪ ਧਾਰਦਾ ਜੁਗ ਜਗਾਂਤਰੋਂ ਆਇਆ
ਦਇਆ ਧਰਮ ਦੀਆਂ ਕਿਰਨਾਂ ਸੁਟ ਸੁਟ, ਇਸ, ਜੱਗ ਨੂੰ ਰੁਸ਼ਨਾਇਆ
ਸਦਕੇ ਉਸ ਦੇ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ :
ਦੇ ਜਗਜੀਤ ਸਤਿਗੁਰੂ ਪਿਆਰਾ, ਉਸ ਵਿਚ ਆਪ ਛੁਪਾਇਆ । ੯ ।

ਮਨ, ਫੁਲਵਾੜੀ ਜਿਉਂ ਖਿੜ ਮਹਿਕੇ, ਹਿਰਦਾ, ਸਿੰਧ ਡੂੰਘਾਣਾ
ਸਰਵ ਸੁੰਦਰਤਾ ਰੂਪ ਤੇਰੇ ਵਿਚ, ਜਿੰਦ ਦੇਉ ਮੁਸਕਾਣਾ
ਕੇਸਾਂ ਵਿਚ ਲੁਕ ਰਾਤ ਅਨ੍ਹੇਰੀ ਅਪਣਾ ਜੀਵਨ ਭਾਲੇ :
ਪਰ, ਦਿਹੁੰ ਨੈਣਾਂ ਵਿਚ ਏ ਵਸਦਾ, ਕੈਸਾ ਜੋੜ ਸੁਹਾਣਾ । ੧੦ ।



Namdhari Elibrary NamdhariElibrary@gmail.com

ਦੂਰ ਬੜਾ ਹਾਂ, ਬਹੁਤ ਦੂਰ ਹਾਂ, ਤੇਰੀ ਪ੍ਰੀਤ ਘਰ, ਅੰਦਰ
ਸੋਚ ਤੇਰੇ ਚਰਨਾਂ ਵਿਚ ਰੱਖੀ, ਤੂੰ ਹੈਂ ਜਗਤ-ਕਲੰਦਰ
ਕੀ ਕਰਨਾ ਤੇ ਕੀਕਰ ਕਰਨਾ ਇਹ ਤਾਂ ਤੂੰ ਹੀ ਜਾਣੇ :
ਮੇਰੇ ਲਈ ਤਾਂ ਤੇਰੀ ਯਾਦ ਦਾ ਰਹੇ ਖੁਗਿਰਦੇ ਮੰਦਰ । ੧੧ ।

ਔਣ ਬਦਲੀਆਂ ਘਿਰ-ਘਿਰ ਮੁੜ-ਮੁੜ, ਚਾਹੁਣ ਅੱਗ ਵਰ੍ਹਾਈ
ਅਸਾਂ ਤੇਰੇ ਸਿਮਰਨ ਦੀ ਸਤਿਗੁਰ, ਅੰਦਰੋਂ ਓਟ ਤਕਾਈ
ਪੈਜ ਬਿਰਦ ਦੀ ਰੱਖਣਹਾਰੇ ਦਰ ਤੇਰੇ ਹਾਂ ਡਿੱਗੇ :
ਇਹ ਯਕੀਨ ਹੈ ਇਸ ਦਰ ਆਇਆਂ ਖਾਲੀ ਜਾਇ ਨ ਕਾਈ । ੧੨ ।



Namdhari Elibrary NamdhariElibrary@gmail com

ਬਖਸ਼ ਤੇਰੀ ਦੇ ਚਸ਼ਮੇ ਕੰਢੇ, ਬਹਿਕੇ ਮੌਜਾਂ ਲਈਆਂ
ਤ੍ਰਿਸ਼ਨਾ-ਤ੍ਰਿਖਾ ਨਿਵਾਰਨ ਕੀਤੀ, ਹੁਣ ਤਰਕਾਲਾਂ ਪਈਆਂ
ਉਠਕੇ ਘਰ ਨੂੰ ਹਾਂ ਤੁਰ ਚੱਲੇ, ਯਾਦੀਂ ਰਖ ਬਖਸ਼ੀਸ਼ਾਂ :
ਲੇਖੇ ਦਾ ਝੰਜਟ ਨਹੀਂ ਕੋਈ, ਆਸ ਤ੍ਰਿਸ਼ਨ ਸੌਂ ਗਈਆਂ । ੧੩ ।

ਇਕ ਇਕ ਤਾਰ ਦਿਲੇ ਦੀ ਥਰਕੇ, ਇਕ ਇਕ ਸਵਾਸ ਪੁਕਾਰੇ
ਇਕ ਇਕ ਟੇਪੇ ਖੂਨ ਮੇਰੇ ਵਿਚ, ਲਖ ਲਖ ਤਿਰੇ ਨਜ਼ਾਰੇ
ਮਾਸ ਮਿਟੀ ਵਿਚ ਕਣ-ਕਣ ਤੇਰਾ, ਤੂੰ ਬਿਨ ਜੀਵਨ, ਮਰਨਾ :
ਤੂੰ ਜਾਂ ਤੇਰੀ ਯਾਦ ਬਿਨਾ, ਇਹ ਜੀਵਨ ਨਰਕ ਦੁਆਰ ਏ । ੧੪ ।



Namdhari Elibrary NamdhariElibrary@gmail com

ਪ੍ਰੀਤਮ ਜੀ, ਮੈਂ ਪਲ ਪਲ ਸਿਹਰਾਂ ਛਿਣ ਛਿਣ ਲੈਂਦੀ ਵੇੜਾਂ
ਰੋਗੀ ਤਨ ਨੂੰ ਯਾਦ ਤੁਹਾਡੀ, ਜਿਉਂ ਧਰਤੀ ਨੂੰ ਔੜਾਂ
ਜਿਉਂ ਜਿਉਂ ਸੇਕ ਹਿਜਰ ਦਾ ਸਾੜੇ, ਤਿਉਂ ਤਿਉਂ ਪੈਣ ਕੜੱਲਾਂ :
ਬਦਲੀ ਬਣ ਕਦ ਬਰਸੋ ਗੇ, ਜਦ ਮੁੱਕਣ ਦੁਖ ਧਰੋੜਾਂ । ੧੫ ।

ਜਿਸ ਨੂੰ ਪਿਆਰ ਆਪ ਤੂੰ ਦੇਵੇਂ, ਕੌਣ ਉਦ੍ਹੇ ਤੋਂ ਖੋਵ੍ਹੇ ?
ਨਿੰਦਾ, ਚੁਗਲੀ, ਦ੍ਵੈਸ਼, ਈਰਖਾ, ਉਸ ਨੂੰ ਕੀਕਰ ਪੋਵ੍ਹੇ ?
ਦੂਹਾਂ ਧਿਰਾਂ ਦਾ ਵੇਖ ਤਮਾਸ਼ਾ, ਅਪਣਾ ਜੀ ਪਰਚਾਵੇਂ :
ਵਾਹ ! ਉਇ ਮੇਰੇ ਮੌਜੀ ਠਾਕੁਰ, ਤੈਥੋਂ ਸਭ ਕੁਛ ਸੋਂਹਵੇ । ੧੬ ।



Namdhari Elibrary NamdhariElibrary@gmail com

ਪਿਆਰੇ ਪਿਆਰੇ ਸਤਿਗੁਰ ਮੇਰੇ, ਕੀ ਵਰਤਾਇਆ ਭਾਣਾ
ਜਿਤਨਾ ਮੈਂ ਦਰਸ਼ਨ ਨੂੰ ਲੋਚਾਂ, ਉਤਨਾਂ ਦੂਰ ਟਿਕਾਣਾ
ਤੇਰੀ ਸਿਹਤ ਰਹੇ ਸਦ ਸੁਥਰੀ, ਹੇ ਜਗ ਦੇ ਸੁਖ ਦਾਤੇ :
ਤੇਰੇ ਨਾਲ ਬਹਾਰਾਂ ਸਾਨੂੰ, ਤੂੰ ਸਤਿਗੁਰ ਮਨ-ਭਾਣਾ । ੧੭ ।

ਇਕੋ ਤੂੰ, ਜੋ ਦੁਖ ਸੁਖ ਅੰਦਰ, ਯਾਦ ਮੇਰੀ ਵਿਚ ਆਵੇਂ
ਤੈਥੋਂ ਬਿਨਾ ਹੋਰ ਨਾ ਜਾਣਾ, ਤੂੰ ਹੀ ਪਾਰ ਲੰਘਾਵੇਂ
ਔਘਟ ਘਾਟੀ, ਬਿਖੜਾ ਪੈਂਡਾ, ਥਾਂ ਥਾਂ ਉਤੇ ਠੋਕਰ :
ਅਪਣੀ ਜਿਓਤੀ ਤੋਂ ਦੇ ਚਾਨਣ, ਬੇੜਾ ਬੰਨੇ ਲਾਵੇਂ । ੧੮ ।



Namdhari Elibrary NamdhariElibrary@gmail com

ਸੁਖ ਵੀ ਲੰਘੇ, ਦੁਖ ਵੀ ਲੰਘਸਣ, ਤੂੰ ਜੇ ਅੰਦਰ ਵੱਸੇਂ
ਘਾਟਾ ਫਿਰ ਕਿਸ ਗੱਲ ਦਾ ਰਹਿਣਾ ਜੇ ਹਿਰਦੇ ਵਿਚ ਲੱਸੇਂ
ਤੂੰ ਮੇਰੀ ਆਸ਼, ਓਟ, ਤੂੰ ਉਹਲਾ, ਤੂੰ ਮੈਂ ਮਾਣ, ਪਿਆਰੇ :
ਅਪਣੇ ਪਿਆਰ ਵਿਚ ਰੱਖ ਜਿਉਂਦਾ, ਕਦੇ ਨ ਮੈਥੋਂ ਨੱਸੇਂ । ੧੯ ।

ਪਰਮ ਪਿਤਾਂ, ਪੂਰਨ ਕਿਰਪਾਲੂ, ਪ੍ਰੀਤਵਾਨ ਪ੍ਰਭ ਮੇਰੇ
ਹੋ ਨਿਰਾਸ਼ ਦੁਨੀਆਂ ਦੇ ਮੋਹ ਤੋਂ ਆਣ ਡਿਗਾ ਦਰ ਤੇਰੇ
ਸੱਜਣ ਸਾਕ ਨਿਕਟ ਸਨਬੰਧੀ ਅਪਣੇ ਅਪਣੇ ਗਉਂ ਦੇ :
ਇਕੋ ਤੂੰ, ਜੋ ਨਿਰਗੁਣ ਤੇ ਵੀ ਕਰਦੈਂ ਮਿਹਰ ਵਧੇਰੇ । ੨੦ ।



Namdhari Elibrary NamdhariElibrary@gmail com

ਜੇਕਰ ਇਕ ਪਿਆਰਾ ਕਰ ਲੈਂ, ਲੱਖਾਂ ਪਿਆਰ ਪੁਗਾਵੇਂ
ਉਸ ਇਕ ਨੂੰ ਲੱਖਾਂ ਵਿਚ ਤਕ ਕੇ, ਸੁਆਦ ਸੁਆਦ ਹੋ ਜਾਵੇਂ
ਜੀਕਰ ਜਲ-ਘੜਿਆਂ ਵਿਚ ਸੂਰਜ, ਇੱਕੋ ਝਾਤੀ ਮਾਰੇ :
ਤਿਵੇਂ ਪ੍ਰੀਤਮ ਸਤਿਗੁਰ ਨੂੰ ਤਕ, ਤੂੰ ਕਾਹਨੂੰ ਪਛਤਾਵੇਂ ? ੨੧ ।

ਭਰਮ ਨ ਵਖ ਵਖ ਰੂਪ ਰੰਗ ਤਕ, ਇਹ ਸਭ ਉਦ੍ਹੇ ਨਜ਼ਾਰੇ
ਜਿਉਂ, ਸਰੀਰ ਦਾ ਮਾਸ ਲਹੂ ਇੱਕ, ਅੱਡ ਅੱਡ ਅੰਗ ਸਵਾਰੇ
ਸਵਾਸਾਂ ਵਾਂਗ ਉਹੋ ਹੀ ਜੀਵਨ, ਉਸ ਬਿਨ ਹੋਰ ਨ ਕੋਈ :
ਓਸੇ ਨੂੰ ਤਕ ਸਭ ਥਾਂ ਪ੍ਰੀਤਮ, ਦੁੱਖ ਦਰਦ ਜੋ ਟਾਰੇ । ੨੨ ।



Namdhari Elibrary NamdhariElibrary@gmail com

ਅੰਤ ਤੇਰਿਆਂ ਪਿਆਰਾਂ ਦਾ ਨਾ, ਨਾ ਸਾਡੇ ਅਪਰਾਧਾਂ ਦਾ
ਥੰਨਾਂ ਤੇਰੀਆਂ ਮਿਹਰਾਂ ਦਾ ਨ ਸਾਡੀਆਂ ਨਿਤ ਉਪਾਧਾਂ ਦਾ
ਮਾਣ ਕਿਹੜੀ ਕਰਨੀ ਦਾ ਕਰੀਏ ਪੁਤਲੀ ਵਾਂਗ ਨਿ-ਕਰਮਣ ਹਾਂ :
ਅਪਣਾ ਅਪਣਾ ਫ਼ਰਜ਼ ਪੁਗਾਈਏ ਦਸਿਆ ਏਹੋ ਸਾਧਾਂ ਦਾ । ੨੩ ।

ਕੌਣ ਅ-ਪਲਕ ਤੇਰੇ ਵਲ ਤੱਕੇ, ਤੇਰੀ ਦ੍ਰਿਸ਼ਟ ਮਹਾਨ
ਲੁਕਵੇਂ ਪਾਪ-ਪਰਾਧ ਅਸਾਡੇ ਚਾਨਣ ਦੇ ਵਿਚ ਆਣ
ਏਸ ਲਈ, ਇਹ ਤਕਣੀ ਪਾਕੇ, ਅਪਣੀ ਨਜ਼ਰ ਝੁਕਾਈਏ :
ਜੀਕਰ ਜੁਗਨੂੰ ਚਮਕਣ, ਸ਼ਰਮਣ ਫਿਰ ਚਮਕਣ ਸ਼ਰਮਾਣ । ੨੪ ।



Namdhari Elibrary NamdhariElibrary@gmail.com

ਮੈਂ ਸਮਝਾਂ, ਮੈਂ ਹੀ ਹਾਂ ਤੇਰਾ, ਇਹ ਪਰ ਮੇਰੀ ਭੁੱਲ ਏ
ਵਣ-ਤ੍ਰਿਣ, ਜੀਵ-ਜੰਤ, ਨਦ-ਪਰਬਤ, ਇਹ ਵੀ ਤੇਰਾ ਕੁੱਲ ਏ
ਚਾਹਣ ਜਿੰਨਾ ਹਰ ਇਕ ਨੂੰ ਦੇਵੇਂ, ਅਮੁਕ ਤਿਰਾ ਭੰਡਾਰਾ :
ਪੌਣ ਵਾਂਗ, ਚਾਹੀਏ ਸੋ ਪਾਈਏ, ਕੋਈ ਨ ਤੇਰੇ ਤੁੱਲ ਏ । ੨੫ ।

ਮੈਂ ਨਾ ਮੰਗਾਂ, ਮੰਗ ਨ ਹੋਵੇ, ਡਰ ਲਗੇ— ਕੀ ਮੰਗਾਂ ?
ਮੇਰੀ ਮੰਗ ਅਧੂਰੀ ਹੁੰਦੀ ਤਾਂ ਹੀ ਮੰਗਣੋਂ ਸੰਗਾਂ
ਅਣਮੰਗੇ ਤੂੰ ਸਭ ਕੁਝ ਦੇਵੇਂ, ਵਾਹ ਜੀ ਪ੍ਰੀਤਮ ਮੇਰੇ :
ਤੇਰੀ ਬਖਸ਼ ਸੂਰਜੀ ਵੇਖੀ, ਮੈਂ ਬਿਨ ਮੰਗੇ ਰੰਗਾਂ । ੨੬ ।



Namdhari Elibrary NamdhariElibrary@gmail.com

ਜਿਸ ਨੂੰ ਸਾਰਾ ਜਗਤ ਨਫ਼ਰਤੇ ਪਿਆਰ ਉਨ੍ਹੂੰ ਤੂੰ ਕਰਦਾ
ਸੁੱਤੀ ਕਲਾ ਜਗਾਵੇਂ ਉਸ ਦੀ ਜੋ ਤੈਥੋਂ ਨਿਤ ਡਰਦਾ
ਤੈਥੋਂ ਤਰਨਾ, ਜਗਤ ਉਧਰਨਾ, ਇਹ ਹੀ ਸਮਝ ਪਈ ਏ :
ਏਸ ਸਮਝ ਦਾ ਮਾਣ ਨ ਕੋਈ, ਸਭ ਕੁਝ ਤੈਥੋਂ ਸਰਦਾ । ੨੭ ।

ਸੂਰਜ ਦਾ ਚਾਨਣ ਨਹੀਂ ਚਾਨਣ, ਦਿਸ ਦੇ ਵਿਚ ਅੰਨ੍ਹੇਰਾ ਹੈ
ਵਿਦਿਆ ਦਾ ਚਾਨਣ ਵੀ ਡਿੱਠਾ ਮਾਣ—ਅੰਨ੍ਹੇਰ ਵਧੇਰਾ ਹੈ
ਚਾਨਣ ਮਿਹਰ ਤੇਰੀ ਦਾ ਪ੍ਰੀਤਮ ਜਿਸ ਪ੍ਰਾਣੀ ਤੇ ਪੈਂਦਾ ਹੈ :
ਕੁੱਲ੍ਹ ਅੰਨ੍ਹੇਰਾਂ ਵਿਚ ਰਹਿੰਦਿਆਂ ਉਸ ਦੇ ਲਈ ਸਵੇਰਾ ਹੈ । ੨੮ ।



Namdhari Elibrary NamdhariElibrary@gmail.com

ਇੱਕੋ ਬੋਲ— ਕੁਬੇਰ ਖਜ਼ਾਨਾ, ਇੱਕ ਨਜ਼ਰ— ਅੰਮ੍ਰਿਤ ਭੰਡਾਰ
ਚਰਨ ਛੋਹ— ਪਾਰਸ ਤੋਂ ਵਧਕੇ, ਮਿੱਟੀ ਨੂੰ ਦੇ ਸ੍ਵਰਨ-ਨਿਖਾਰ
ਬੋਲ, ਨਜ਼ਰ, ਛੁਹ ਇੱਕ ਇੱਕ ਤੋਂ ਅਸੀਂ ਸਭੇ ਹੀ ਹਾਂ ਪ੍ਰਭਾਵਤ :
ਜਿਸ ਨੂੰ ਇਹ ਤਿੰਨੋ ਨੇ ਮਿਲਦੇ, ਉਸਤੇ ਤੇਰੀ ਮਿਹਰ ਅਪਾਰ । ੨੯ ।

ਕੌਣ ਗਰੀਬ ਤੇਰੇ ਦਰ ਉਤੇ, ਜੋ ਹੈ ਬੜਾ ਮਹਾਨ
ਕੌਣ ਵਿਆਕੁਲ ਨਜ਼ਰ ਤੇਰੀ ਵਿਚ ? ਜੋ ਜਨ ਚਤੁਰ ਸੁਜਾਨ
ਧੌਣ ਮਾਣ ਵਾਲੇ ਦੀ ਨੀਵੀਂ, ਕਰਦੀ ਤੇਰੀ ਲੀਲ੍ਹਾ ਹੈ :
ਸ਼ਰਧਾ-ਮਾਣ ਰਹਿਣ ਨਾ ਕੱਠੇ, ਦੋ ਤਲਵਾਰਾਂ, ਇਕ ਮਿਆਨ । ੩੦ ।



Namdhari Elibrary NamdhariElibrary@gmail com

ਜੇਕਰ ਦੂਰ ਦੁਰਾਡਿਓਂ ਰੰਨਾ, ਚਾਨਣ ਰਹੇ ਪੁਚਾਦਾ
ਜੇਕਰ ਦੂਰ ਸਾਗਰੋਂ ਬੁੱਲਾ, ਠੰਢਾਂ ਲੈ ਲੈ ਆਂਦਾ
ਇਵੇਂ ਪਿਆਰੇ ਪ੍ਰੀਤਮ ਮੇਰੇ, ਤੇਰੀਆਂ ਰੌਆਂ ਆਵਣ :
ਜੋ ਸੁਖ-ਸੁਆਦ ਦੇਂਦੀਆਂ ਰਹਿਕੇ, ਮੈਨੂੰ ਕਰਨ ਸੁਖਾਂਦਾ । ੩੧ ।

ਕੰਚਨ ਤਖਤ, ਰਤਨੀਂ ਜੜਤ, ਸਿਰ ਕੋਹਨੂਰੀ ਤਾਜ
ਹੁਕਮ ਹਾਸਲ ਸੰਸਾਰ ਤੇ, ਵੱਸ ਹੋਇ ਕੁੱਲ ਸਮਾਜ
ਤੈਂ ਬਿਨ ਪ੍ਰੀਤਮ ਜੋ ਮਿਲੇ, ਦਿਆਂ ਚੁਆਤੀ ਲਾ :
ਤੇਰੇ ਨਾਲ ਪਿਆਰਿਆ, ਸੁਖਦਾਈ ਸਭ ਸਾਜ । ੩੨ ।



Namdhari Elibrary NamdhariElibrary@gmail.com

ਭੋਰ ਭਈ ਜਿਉਂ ਚੁਹਕਦੇ, ਪੰਛੀ ਰੁਖ-ਰੁਖ ਡਾਲ
ਤਿਉਂ ਤੇਰੀ ਮਿਲਣੀ ਸਮੇਂ, ਉਠ ਉਠ ਪੈਣ ਖਿਆਲ
ਦੁੱਖ ਦਰਦ ਤੇ ਵਿਸਵਸੇ ਸਭੋ ਜਾਣ ਗੁਆਚ :
ਜਿਉਂ ਸੂਰਜ ਦੇ ਨਿਕਲਿਆਂ ਪੈਣ ਹਨੇਰੇ ਚਾਲ । ੩੩ ।

ਬੰਸੀ ਦੀ ਧੁਨ ਵਾਂਗਰਾਂ, ਸੁਹਣਿਆਂ ਤੇਰੇ ਬੋਲ
ਰਸ ਬਖੇਰਦੇ ਝਰੀ ਜਾਣ, ਮੇਰੇ ਕੰਨਾ ਕੋਲ
ਧੁਰ ਹਿਰਦੇ ਵਿਚ ਪਹੁੰਚਦੇ ਬਣ ਮਦ ਭਿੰਨਾ ਰਾਗ :
ਯਾਦ ਕਰਦਿਆਂ ਕੂਕ ਪਾਂ, ਮਿਲਸੈਂ ਕਦੋਂ ਅਡੋਲ । ੩੪ ।



Namdhari Elibrary NamdhariElibrary@gmail.com

ਪਿਆਰ ਦੁਨੀਦਾਰਾਂ ਦਾ ਡਿੱਠਾ, ਛਿਣ ਤੋਲਾ, ਛਿਣ ਮਾਸਾ
ਸ੍ਵਾਰਥ ਉਸ ਦਾ ਮੂਲ ਨਜਰੀਆ, ਤਕ ਤਕ ਆਵੇ ਹਾਸਾ
ਇੱਕੋ ਇਕ ਤੂੰ ਹੀ ਨਿ-ਸ੍ਵਾਰਥ ਪਿਆਰ ਜੁ ਕਰਨਾ ਜਾਣੇਂ :
ਜੇਕਰ ਹਰ ਹਾਲਤ ਵਿਚ ਡਿੱਠਾ, ਮਿੱਠਾ ਸ਼ਹਿਦ, ਪਤਾਸਾ । ੩੫ ।

ਰੂਪਹੀਣ, ਗੁਣਹੀਣ, ਅਕਰਮਣ, ਤੇਰਾ ਜੀਵ ਨਿਮਾਣਾ
ਅਸਗਾਹ ਸਾਗਰ ਵਿਚ ਹਾਂ ਲੱਥਾ, ਬੇੜਾ ਬੰਨੇ ਲਾਣਾ
ਦੋਖੀ, ਦੁਸ਼ਟ, ਦੁਬਾਜਰ, ਦ੍ਵੈਸ਼ੀ, ਇੱਲਾਂ ਜਿਉਂ ਮੰਡਰਾਂਦੇ :
ਦੇ ਚਰਨਾਂ ਦੀ ਪ੍ਰੀਤ ਸਤਿਗੁਰੂ, ਮੈਨੂੰ ਆਪ ਬਚਾਣਾ । ੩੬ ।

ਕੀ ਕਰਨਾ, ਕੀ ਕੁਝ ਨਹੀਂ ਕਰਨਾ, ਸਮਝ ਨ ਕੋਈ ਆਵੇ
ਪਰ-ਹਿਤ ਨੂੰ ਮੁੱਖ ਰੱਖ ਕੇ ਪ੍ਰੀਤਮ, ਪੰਧ ਮੁਕਾਈ ਜਾਵੇ
ਤੇਰੀ ਬਖ਼ਸ਼ਸ਼ ਦੇ ਭਰਵਾਸੇ, ਭਉ ਵਿਚ ਸਮਾਂ ਬਿਤਾਵਾਂ :
ਡਰਦਾ ਹਾਂ, ਉਹ ਆ ਕੇ ਮੈਨੂੰ ਕੀਕਰ ਕਰੇ ਕਰਾਵੇ । ੩੭ ।

ਰੋਗ ਕਿਦ੍ਹੇ ਤੂੰ ਲੈ ਬੈਠਾ ਸੈਂ, ਕਸ਼ਟ ਕਿਦ੍ਹਾ ਈ ਹਰਿਆ ?
ਸਾਡੇ ਦੁੱਖ ਸਦਾ ਤੂੰ ਝੱਲੇਂ, ਇਹ ਤੈਥੋਂ ਹੀ ਸਰਿਆ ।
ਨਿੱਤ ਦੁੱਖੜੇ ਸਹਿ ਸਾਡੀ ਥਾਂ ਤੇ, ਫਿਰ ਵੀ ਨਹੀਂ ਜਣਾਵੇਂ :
ਤੇਰੇ ਜਿਹਾ ਕੌਣ ਹੈ ਪਿਆਰੇ, ਮਿਠਾ, ਮੁਹਣਾ, ਠਰਿਆ । ੩੮ ।



Namdhari Elibrary NamdhariElibrary@gmail.com

ਇਕ ਅਲਬੇਲੀ ਚੂਲਫ, ਮਸਤਕੋਂ ਰੋਜ਼ ਫਿਲਕਦੀ ਤੱਕਾਂ
ਤਕ ਤਕ ਉਸ ਨੂੰ ਖੀਵਾਂ ਹੋਵਾਂ, ਬਿਦ ਲਈ ਨਾ ਥੱਕਾਂ
ਚੀਰਕ ਚੁੰਮੇ ਚਿਹਰੇ ਉੱਤੇ ਨਾਗਣ ਜਿਉਂ ਵਲ ਖਾਵੇ :
ਤਿਉਂ ਤਿਉਂ ਪੈਣ ਕੁੜੱਲਾਂ ਮੈਨੂੰ, ਜਿਉਂ ਜਿਉਂ ਨਜ਼ਰਾਂ ਚੱਕਾਂ । ੩੯ ।

ਢੱਠਾ ਆਣ ਦੁਆਰੇ ਤੇਰੇ, ਹੁਣ ਨਾ ਪੈਣ ਵਿਛੋੜੇ
ਪਛਤਾਵਾ ਉਹਨਾਂ ਦਾ ਲੱਗਾ, ਬੀਤ ਗਏ ਜੋ ਥੋੜੇ
ਅੰਦਰੋਂ ਪਲ ਨ ਦਈਂ ਜੁਦਾਈ, ਡਰਦੇ ਡਰਦੇ ਆਖਾਂ :
ਨਿਰਮਾਣਾਂ ਦਾ, ਕਹਿਣ, ਮਾਣ ਤੂੰ, ਯਾਦ ਰੱਖੀਂ ਹੱਥ ਜੋੜੇ । ੪੦ ।



Namdhari Elibrary NamdhariElibrary@gmail.com

ਨਾ ਧਨ ਧਾਮ, ਨਾ ਬਾਗ਼ ਬਗ਼ੀਚੇ, ਨਾ ਘੂਕੰਦੀਆਂ ਕਾਰਾਂ
ਮੇਰੇ ਜੀਵਨ ਦਾ ਧਰਵਾਸਾ, ਤੇਰੀ ਛੁਹ ਜੇ ਪਿਆਰਾਂ
ਲੱਖਾਂ ਗੇੜ ਜਿਉਣ ਦੇ ਲੰਘੇ, ਇਕੋ ਸਿੱਕ ਰਹੀ ਮੇਰੀ :
ਤੈਂ ਗਲ ਲੱਗਾਂ ਵੇਲ ਵਾਂਙ ਮੈਂ, ਹੋਵਣ ਸਫਲ ਬਹਾਰਾਂ । ੪੧ ।

ਦੂਜਾ ਪਾਰ ਨਜ਼ਰ ਨਾ ਆਵੇ, ਅਨਗਾਹ ਸਾਗਰ ਸਾਹਵੇਂ
ਤੇਰੀ ਆਸ ਉਤਰ ਹਾਂ ਬੈਠਾ, ਬੇੜਾ ਬੰਨੇ ਲਾਵੇਂ
ਤੂਫਾਨਾਂ ਦੀ ਘੇਰ ਸੁਹਣਿਆਂ ਜੇ ਉਲਟਾਦੀ ਬੇੜੀ :
ਮੇਰਾ ਤਾਂ ਕੁਛ ਜਾਣਾ ਹੈ ਨਹੀਂ, ਤੂੰ ਹੀ ਫਿਰ ਪਛਤਾਵੇਂ । ੪੨ ।



Namdhari Elibrary NamdhariElibrary@gmail com

ਲੱਖਾਂ ਤੈਹਾਂ ਦਿਲ ਤੇਰੇ ਦੀਆਂ, ਸਿੰਧੋਂ ਵੱਧ ਡੂਘਾਣਾਂ
ਕਿਸ ਦੇ ਲਈ ਤੂੰ ਕੀ ਰੱਖਦਾ ਏਂ, ਮੈਂ ਅਜਾਣ ਕਿੰਵ ਜਾਣਾ
ਪਰ ਹਰ ਇਕ ਚਿਹਰੇ ਨੂੰ ਤਕ ਤਕ, ਪਹੁੰਚ ਤੇਰੀ ਹਾਂ ਵਿੰਹਦਾ :
ਪਰਮ ਜੋਤ ਤੇਰੀ ਨੂੰ ਪ੍ਰੀਤਮ ਵੇਖ ਵੇਖ ਸੁਖ ਮਾਣਾਂ । ੪੩ ।

ਐਸੀ ਤੇਰੀ ਸ਼ਕਤਿ ਅਨੰਤੀ, ਜੋ ਹਾਰੀਂ ਵੀ ਜਿੱਤੇ
ਹਾਰ ਤੇਰੀ ਸੌ ਜਿੱਤਾਂ ਵਰਗੀ, ਘੋਖੀ ਬੈਠ ਪਜਿੱਤੇ
ਜਿਵੇਂ ਗੇਂਦ ਨੂੰ ਦੱਬ ਉਭਾਰੇ, ਤਿਉਂ ਤੈਂ ਨਿਉਣਾ ਜਾਣਾਂ :
ਹਰ ਹਾਲਤ ਵਿਚ ਪੱਲੜਾ ਭਾਰੀ, ਸ਼ਕਤੀ ਤੇਰੀ ਅਜਿੱਤ ਦੇ । ੪੪ ।

Namdhari Elibrary NamdhariElibrary@gmail.com

ਰੂਪ, ਰੰਗ, ਰਸ, ਕੋਮਲਤਾ ਦਾ ਤੂੰ ਸਾਕਾਰ ਪਿਆਰੇ
ਡੂੰਘਾ ਹੋ ਹੋ ਜਿਉਂ ਜਿਉਂ ਤੱਕਾਂ, ਤਿਉਂ ਤਿਉਂ ਲਵਾਂ ਨਜ਼ਾਰੇ
ਸੰਤ ਭਗਤ ਤੈਨੂੰ ਹੀ ਸੇਉਂਦੇ, ਰਸੀਆਂ ਲਈ ਰਸ ਸੋਮਾਂ :
ਸਰਬ ਸ਼ਕਤੀਆਂ ਵਾਲੇ ਪ੍ਰੀਤਮ, ਬਹੁਤੇ ਸੁਖ ਦੇ ਸਾਰੇ । ੪੫ ।

ਸੀਤਲ ਨੂੰ ਪਰਸਣ ਲਈ ਮਾਤਾ ਚੱਲ ਸੀਤਲਾ ਆਈ
ਕੁਛ ਦਿਨ ਨਾਲ ਪਿਆਰੇ ਛੂਹ ਕੇ ਅਪਣੀ ਤਪਤ ਬੁਝਾਈ
ਹੋਰ ਨੇੜੇਰਾ ਹੋਣ ਲਈ ਅੱਜ ਵਾਜ ਕੱਲੂ ਨੇ ਮਾਰੀ :
ਤਾਂ ਹੀ ਮੇਰਾ ਪਿਆਰ ਚੰਦ੍ਰਮਾ ਪਹੁੰਚਾ ਕੱਲੂ ਜਾ ਈ । ੪੬ ।

Namdhari Elibrary NamdhariElibrary@gmail com

ਵਨ ਉਪਵਨ ਅੱਜ ਪਿਆਰੇ ਹੋ ਗਏ ਮੈਲੀ ਕੁੱਲੂ ਵਾਦੀ
ਕਲਕਲ ਕਰ ਅੱਜ ਬਿਆਸਾ ਵੀ, ਹੋਇਆ ਏ ਫ਼ਰਿਆਦੀ
ਓ ਪਿਆਰੇ ! ਤੂੰ ਛੱਡ ਕਿਉਂ ਜਾਨੈਂ ਸਾਨੂੰ ਨੀਰਸ ਕਰਕੇ :
ਰੱਖ ਆਪਣੇ ਨਿੱਤ ਚਰਨੀਂ ਲਾ ਕੇ, ਸਾਡੀ ਰੀਝ ਜੁਗਾਦੀ । ੪੭ ।

ਚਸ਼ਮੇ, ਝਰਨੇ, ਵਹਿਣ ਨਦੀ ਦੇ ਤੇ ਬਿਆਸਾ ਦੀ ਧਾਰਾ
ਚੁੱਪ ਕੀਤੇ, ਕੁਝ ਸ਼ੋਰ ਮਚਾ ਕੇ, ਇਕੋ ਕਰਨ ਇਸ਼ਾਰਾ
ਵਹਿ ਜਾ ਇਸ ਕਿਰਪਾ ਸਾਗਰ ਵੱਲ, ਨਾ ਰਹੁ ਪੱਥਰ ਬਣਕੇ :
ਇਸ ਦੇ ਵਿਚ ਸਮਾਵਣ ਬਾਝੋਂ, ਹੋਣਾ ਨਹੀਂ ਗੁਜ਼ਾਰਾ । ੪੮ ।



Namdhari Elibrary NamdhariElibrary@gmail.com

ਮਹਿਕੇ ਪੁਸ਼ਪ, ਟਹਿਕੀਆਂ ਕਲੀਆ, ਚਹਿਕੇ ਵਣ ਪੰਖੇਰੂ
ਮੁਸ਼ਕ ਉੱਠੀ ਏ ਕੁੱਲੂ ਵਾਦੀ, ਮਚਲਿਆ ਬਿਆਸ ਚੰਕੇਰੂ
ਚਰਨ ਮੇਰੇ ਪਿਆਰੇ ਨੇ ਪਾਏ, ਕੁੱਲੂ ਦੀ ਧਰਤੀ ਤੇ :
ਨਰ ਨਾਰਾਂ ਤੇ ਰੌਣਕ ਆਈ, ਜੁੜੇ, ਜੁ ਖੇਰੂ ਖੇਰੂ । ੪੯ ।

ਲਾਲ ਗੁਲਾਬ ਟਹਿਕਿਆ ਵਿਹੜੇ, ਚਿਤ ਚਾਹਿਆ, ਇਹ ਵਾਰਾਂ
ਪਿਆਰੇ ਸਤਿਗੁਰ ਦੇ ਚਰਨਾਂ ਤੇ ਰੱਖ ਕੇ ਤਨ ਮਨ ਠਾਰਾਂ
ਜਾਣ ਉਨ੍ਹਾਂ ਮੇਰੀ ਅੰਤਰ ਇੱਛਾ, ਕਿਹਾ —'ਨ ਏਦਾਂ ਕਰਨਾ :
'ਕੋਮਲ ਸੁੰਦਰਤਾ ਨੂੰ ਜਾ ਕੇ ਮੈਂ ਖ਼ੁਦ ਹੀ ਸਤਿਕਾਰਾਂ' । ੫੦ ।



Namdhari Elibrary NamdhariElibrary@gmail com

ਏਨੀ ਪਹੁੰਚ ਫੁੱਲਾਂ ਲਈ ਤੱਕ ਕੇ, ਮਸਤਕ ਲੱਥਾ ਗ਼ਹਿਰਾ
ਕੌਣ ਇਦ੍ਹੇ ਸਮ ? ਨਜ਼ਰ ਨ ਆਵੇ, ਕੈਸਾ ਨਿਯਮ ਸੁਨਹਿਰਾ
ਆਪਣੇ ਸੁਆਦ ਵਾਸਤੇ ਦੂਜਾ, ਡਾਲੀ ਤੋਂ ਨਾ ਟੁੱਟੇ :
ਸਰਬ ਸ਼ਕਤੀਆਂ ਵਾਲਾ ਮੇਰਾ ਪਿਆਰਾ ਨਿਰਾ ਵਿਕਹਿਰਾ । ੫੧ ।

'ਕਰਵਤ ਭਲਾ ਨ ਕਰਵਟ ਤੇਰੀ' ਉਸ ਦਿਨ ਚੇਤੇ ਆਇਆ
ਜਿਸ ਦਿਨ ਚਰਨ-ਛੋਹ ਤੇਰੀ ਚੋਂ, ਕੁਛ ਵੀ ਨਹੀਂ ਖਿਆਇਆ
ਜਨਮਾਂ ਦੇ ਕੰਗਾਲ ਅਸੀਂ ਹਾਂ, ਤੂੰ ਜਨਮਾਂ ਦਾ ਦਾਤਾ ;
ਦਾਤੇ ਨੂੰ ਤਕ ਆਪਣੇ ਜਿਊਂ, ਅੱਜ ਮਨ ਭਾਵਾ ਕਲਪਾਇਆ । ੫੨ ।



Namdhari Elibrary NamdhariElibrary@gmail.com

ਸਦਾ ਸੁੰਦਰਤਾ ਤੇਰੇ ਮੁਖ ਤੇ, ਸਦਾ ਜ਼ਬਾਨੋਂ ਸ਼ਹਿਦ ਝਰੇ
ਸ਼ੁਭ ਇਛਾ ਮਨ ਤੋਂ ਨਿਤ ਉਠਦੀ, ਸਦ ਸ਼ਰੀਰ ਸ਼ੁਭ ਕਰਮ ਕਰੇ
ਸਦਾ ਚਰਨ ਲਾ ਸ਼ਰਨੀ ਜਗ ਨੂੰ, ਸਦ ਮਾਰਗ ਵੱਲ ਤੁੱਰਨ ਪਏ :
ਪ੍ਰਿਯ ਸਤਿਗੁਰ ਕਿਹੜਾ ਬਿਨ ਤੈਥੋਂ, ਜੋ ਦੁਬਿਧਾ ਤੋਂ ਨਾਹਿੰ ਡਰੇ । ੫੩ ।

ਇਕ ਇਕ ਪਲ ਜੀਵਨ ਦਾ ਹੀਰਾ, ਕੌਡਾਂ ਵਾਂਗ ਗਵਾਵਾਂ
ਤੇਰੀ ਦਾਤ ਚਿਤਾਰਾਂ ਨਿਤ ਨਿਤ, ਪਰ ਤੈਨੂੰ ਭੁਲ ਜਾਵਾਂ
ਪ੍ਰਾਣਾਂ ਵਾਂਗ ਰਹੇਂ ਜੇ ਅੰਦਰ, ਜੀਵਨ ਵਾਂਗੂੰ ਜੀਵਾਂ :
ਤੇਰੇ ਰੰਗ ਰਸਾ ਵਿਚ ਰਹਿ ਕੇ, ਜੋ ਚਾਹਵਾਂ ਸੋ ਪਾਵਾਂ । ੫੪ ।



Namdhari Elibrary NamdhariElibrary@gmail com

ਪਕੜ ਤੇਰੇ ਨੈਣਾਂ ਦੀ ਡਾਢੀ, ਉਡਦੇ ਪੰਛੀ ਫਾਂਹਦੀ ਜੇ
ਨਜ਼ਰ ਤੇਰੀ ਦੇ ਕੈਦੀ ਨੇ ਜੋ, ਉਹਨਾਂ ਨੂੰ ਤੜਪਾਂਦੀ ਸੇ
ਪ੍ਰੇਮ ਆਨੰਦ ਮਿਲੇ ਜਾਂ ਇਕ ਪਲ, ਕੋਟੀ ਜੀਵਨ ਵਾਰ ਦਿਆਂ :
ਰਖ ਆਪਣੇ ਚਰਨਾਂ ਸੰਗ ਪ੍ਰੀਤਮ, ਲਗੇ ਨ ਦੁਨੀਆਂ ਵਾਲੀ ਲੋ । ੫੫ ।

ਡਰਾਂ, ਤਾਂ ਡਰ ਤੇਰਾ ਹੀ ਆਵੇ, ਖਿੜਾਂ, ਤਾਂ ਤੇਰੀ ਖੁੱਲ੍ਹ ਮਿਲੇ
ਵਿਸਮਾਦਾਂ, ਤਾਂ ਤੇਰੀ ਸ੍ਰਿਸ਼ਟੀ, ਥਿੜਕਾਂ, ਤੈਥੋਂ ਭੁੱਲ ਮਿਲੇ
ਹਰ ਪਾਸੇ ਜਦ ਤੂੰ ਹੀ ਤੂੰ ਹੈਂ, ਕੌਣ ਪਰਾਇਆ ਜਾਣਾ ਮੈਂ :
ਕੋਈ ਨਹੀਂ ਨਜ਼ਰਾਂ ਵਿਚ ਐਸਾ, ਇਸ ਜਗ ਤੇਰੇ ਤੁੱਲ ਮਿਲੇ । ੫੬ ।

Namdhari Elibrary NamdhariElibrary@gmail com

ਨਿਜ ਬਲ ਸਮਝ ਮੂੜ੍ਹ ਹੀ ਅਕੜੇ, ਬਲ ਦਾ ਸੋਮਾ ਤਾਂ ਹੈ ਤੂੰ
ਬੜੇ ਬੜੇ ਹੰਕਾਰੀ ਲਦ ਗਏ, ਸਮਝਾਇਆ ਤੂੰ ਅਪਣਿਆਂ ਨੂੰ
ਹੰਕਾਰੀ ਵੀ ਤੇਰੇ ਸੁਹਣਿਆਂ, ਨਿਰ ਮਾਣੇ ਵੀ ਤੇਰੇ ਈ ਨੇ :
ਖੇਡ ਰਚਾ ਕੇ ਮੌਜਾਂ ਵੇਖੇਂ, ਸਾਨੂੰ ਵੀ ਫੁਸਲਾਵੇਂ ਊਂ ! ੫੭ ।

ਮਿਹਰ ਨਜ਼ਰ ਜਿਸ ਤੇ ਹੋ ਜਾਵੇ, ਭਉ ਸਾਗਰ ਤੋਂ ਦੇਵੇ ਤਾਰ
ਖੜ-ਸੁਕ ਸ਼ਾਖ ਜਿਵੇਂ ਹੜ੍ਹ ਆਇਆਂ, ਨਦੀ ਉਤੇ ਚੜ੍ਹ, ਜਾਂਦੀ ਪਾਰ
ਓਸੇ ਮਿਹਰ ਨਜ਼ਰ ਦੇ ਆਸ਼ਕ, ਅਰਜੋਈ ਹਾਂ ਕਰਦੇ ਨਿੱਤ :
ਕਰ ਕਿਰਪਾ ਓਦਾਂ ਇਕ ਵਾਰੀ, ਦੁਨੀਆਂ ਹੋ ਜਾਇ ਪਿਆਰੋ ਪਿਆਰ । ੫੮ ।



Namdhari Elibrary NamdhariElibrary@gmail com

ਮੋਹ ਮਾਇਆ ਦੇ ਚਿਕੜ ਫਸ ਕੇ, ਕਿਵੇਂ ਮਨੁੱਖ ਵਿਵਹਾਰ ਕਰੇ
ਅਸਲੀ ਵਸਤ ਨਕਲ ਤੋਂ ਵੇਚੇ, ਅਪਣਾ ਆਪ ਖੁਆਰ ਕਰੇ
ਚਿਤਵੇ ਕੁਛ, ਕੁਛ ਹੋਰ ਕਮਾਵੇ, ਹਉਂ ਦੀ ਗੰਢੜੀ ਸਿਰ ਤੇ ਚਾਈ :
ਬਿਨ ਤੇਰੀ ਮਿਹਰੰਮਤੋਂ ਸਜਣਾ ! ਕਿਵੇਂ ਭੌਜਲੋਂ ਪਾਰ ਤਰੇ । ੫੯ ।

ਫੁੱਲਾਂ ਨੂੰ ਮੁੜ ਮੁੜ ਮੈਂ ਤਕਨਾਂ, ਲਭਦੀ ਏ ਮੁਸਕਾਨ ਤਿਰੀ
ਸੂਰਜ ਤੋਂ ਉਹਲੇ ਹੋ ਬਹਿਨਾਂ, ਉਸ ਵਿਚ ਸ਼ਕਤਿ ਮਹਾਨ ਤਿਰੀ
ਮਿੱਠੀ ਪੌਣ ਹੁਲਾਰੇ ਦੇਂਦੀ, ਤੇਰੀ ਲਹਿਰ ਕਰਾਵੇ ਚੇਤੇ :
ਜਲ-ਥਲ ਵਣ-ਪਰਬਤ ਵਿਚ ਪ੍ਰੀਤਮ, ਸਭ ਥਾਂ ਦਿਸਦੀ ਸ਼ਾਨ ਤਿਰੀ । ੬੦ ।



Namdhari Elibrary NamdhariElibrary@gmail.com

ਘੜਾ ਸੰਜਮੀ ਤੈਨੂੰ ਡਿੱਠਾ, ਸਤਿਗੁਰ ਮੇਰੇ ਪਿਆਰੇ
ਇਕ ਪਲ ਤੂੰ ਸੌ ਪਲ ਜਿਉਂ ਵਰਤੇਂ, ਪਲ ਨੇ ਲਾਲੋਂ ਭਾਰੇ
ਉਠਦੇ, ਬਹਿੰਦੇ, ਜਾਂਦੇ, ਆਉਂਦੇ, ਰਹੇਂ ਮਗਨ ਇਕ ਧੁਨ ਵਿਚ :
ਸਭ ਦਾ ਭਲਾ ਮਨੋਰਥ ਤੇਰਾ, ਵਾਹ ! ਤੈਥੋਂ ਬਲਿਹਾਰੇ ।੬੧।

ਹਰ ਕੋਈ ਜਾਣੇ ਤੂੰ ਹੈਂ ਉਸਦਾ, ਤੂੰ ਇਕ, ਅਸੀਂ ਲਖੂਖਾਂ
ਇਕ ਇਕ ਸੰਗ ਤੂੰ ਰਾਸ ਰਚਾਵੇਂ, ਫਿਰ ਵੀ ਰਹੇਂ ਪਰੂਖਾਂ
ਮੋਹ ਤੇਰੇ ਦੀ ਆਸੇ ਜੀਉਂਦੀਏ, ਨਿਰ-ਮੋਹਾਂ ਵੀ ਡਾਢੇਂ :
ਧੰਨ ਤੂੰ ਹੈਂ ਜੋ ਕੋਟਕ ਤਾਰੇਂ, ਛਿਣ ਵਿਚ ਹਰੇਂ ਕਲੂਖਾਂ ।੬੨।



Namdhari Elibrary NamdhariElibrary@gmail.com

ਜੇਕਰ ਘੜੇ ਜਰਜਰੇ ਵਿਚੋਂ, ਸਿੰਮ ਸਿੰਮ ਨਿਕਲੇ ਪਾਣੀ
ਇਵੇਂ ਸਰੀਰ ਮਿਰੇ ਦੀ ਸ਼ਕਤੀ, ਪਲ ਪਲ ਹੋਇ ਨਿਤਾਣੀ
ਪਰ ਇਕ ਖਿਨੈ ਲਬਾਂ ਤੇ ਰੁਮਕੇ ਤੇ ਅਖੀਆਂ ਚੋਂ ਟਪਕੇ :
ਪ੍ਰੀਤਮ ਪਿਆਰੇ ਇਕ ਵਾਰ ਤਾਂ ਚਰਨੀਂ ਲਾਇ ਨਿਮਾਣੀ । ੬੩ ।

ਲੋਕੀਂ ਕਾਗ ਉਡਾਂਦੇ, ਤੈਂ ਵੱਲ ਮੈਂ ਨਿਤ ਨਜ਼ਰ ਦੁੜਾਵਾਂ
ਤੇ ਸੁਆਂ ਨੂੰ ਪੌਣ ਖਟੋਲੇ ਪਾਕੇ ਰੋਜ਼ ਉਡਾਵਾਂ
ਭਲਾ ਕਿਤੇ ਦਰਸ਼ਨ ਤੇਰੇ ਦੀ, ਝਲਕ ਨੂਰਾਨੀ ਪੈ ਜਾਇ :
ਸੁੰਦਰ, ਸੁਖਦ, ਸਜੀਲੇ, ਸਤਿਗੁਰ ! ਆ ਮੈਂ ਮਰਦੀ ਜਾਵਾਂ । ੬੪ ।



Namdhari Elibrary NamdhariElibrary@gmail.com

ਜੀਕਰ ਬਿਨਾਂ ਨੀਰ ਤੋਂ ਨਦੀਆਂ, ਜਾਪਣ ਧਰਤ-ਵਰਾਨ
ਜੀਕਰ ਰਸ ਸੰਚਾਰ ਤੋਂ ਹੀਣੇ, ਰੁੱਖ ਬਿਰਖ ਕੁਮਲਾਣ
ਇਵੇਂ ਤੇਰੀ ਕਿਰਪਾ ਬਿਨ ਪ੍ਰੀਤਮ, ਮੈਂ ਰਸ ਨੀਰੋਂ ਹੀਣਾ :
ਚੁਕੀ ਫਿਰਾਂ ਸਰੀਰ ਸਖਣਾ, ਖੁਸ਼ਕ, ਬੇਢੰਗਾ, ਮਾਣ । ੬੫ ।

ਜਿਊਂ ਅੰਬਰਾਂ ਤੇ ਦੀਪਕ ਜਗਦੇ, ਪੈਣ ਜਦੋਂ ਤਰਕਾਲਾਂ
ਜਿਵੇਂ ਚੰਬੇਲੀ ਖਿੜ ਖਿੜ ਮਹਿਕੇ, ਆਇਆ ਵੇਖ ਹੁਨਾਲਾ
ਤਿਵੇਂ ਪੂਰਬਲੇ ਜਾਗਣ ਨਰ ਦੇ, ਸਤਿਗੁਰ ਜਦ ਤ੍ਰੁਠ ਪੈਂਦਾ :
ਸੁਖ ਸਵਰਗ ਧਰਤੀ ਤੇ ਰਚਦਾ, ਸ਼ਾਹ ਕਰੇ ਕੰਗਾਲਾਂ । ੬੬ ।



Namdhari Elibrary NamdhariElibrary@gmail.com

ਚਤੁਰਾਈ ਨਾ ਤੈਨੂੰ ਜਿੱਤੇ, ਨਾ ਲੱਖ ਕਰਮ ਕਮਾਏ
ਜਪ, ਤਪ, ਨੇਮ, ਪ੍ਰੇਮ, ਸੁਚ, ਸੰਜਮ, ਕੋਸ਼ਸ਼ ਵਿਚ ਹੀ ਆਏ
ਮਿਹਰ ਤੇਰੀ ਦੀਆਂ ਅੰਮ੍ਰਿਤ ਬੂੰਦਾਂ, ਜਿਸ ਸਿੱਪ ਤੇ ਪੈ ਜਾਵਣ :
ਉਹੋ ਧੁਰ ਡੂੰਘਾਣੀਂ ਲੱਥੇ, ਅਣਮੁੱਲਾ ਹੋ ਜਾਏ । ੯੭ ।

ਰੂਪ ਅੱਖੀਆਂ ਵਿਚ ਤਕਿਆਂ, ਸੁਹਣੇ ! ਸੁਆਦ ਸੁਆਦ ਹੋ ਜਾਈਦੇ
ਜੁਗ ਜੁਗਾਤਰਾਂ ਦੀ ਅਰਾਧਨਾ, ਇਕ ਪਲ-ਛਿਣ ਵਿਚ ਪਾਈਦੇ
ਛੂਹ ਤੇਰੀ ਸੁਰਗਾਂ ਦੀ ਦਾਤੀ, ਸੁਰਗ ਨ ਲੋੜ ਅਸਾਡੀ :
ਚਰਨ ਕਮਲ ਦੀ ਮੌਜ ਵਿ ਰਹਿ ਕੇ, ਸਦਾ ਅਨੰਦ ਉਠਾਈਦੇ । ੯੮ ।



Namdhari Elibrary NamdhariElibrary@gmail.com

ਸਾਕੀ ਦੀ ਨਹੀਂ ਲੋੜ ਅਸਾਨੂੰ, ਨਾ ਚਾਹੀਦੇ ਮੈਂ-ਖ਼ਾਨਾ
ਸਾਨੂੰ ਤੇਰੇ ਦਰਸ਼ਨ ਚੋਂ ਹੀ, ਮਿਲਦੈ ਮਦ ਸ਼ਾਹਾਨਾ
ਇਕ ਵੇਰਾਂ ਜਦ ਭਰ ਕੇ ਨਜ਼ਰਾਂ, ਤੂੰ ਸਾਡੇ ਵੱਲ ਤੱਕੇਂ :
ਰੋਮ ਰੋਮ ਵਿਚ ਖ਼ੁਸ਼ੀਆਂ ਸਰਸਣ, ਮਨ ਹੋਵੇ ਮਸਤਾਨਾ । ੬੯ ।

ਤੇਰੀ ਮਹਿਮਾ ਮਹਿਮ ਪਿਆਰੇ, ਕਿੰਵ ਜਾਣਾਂ ਕਿਵ ਵਰਨਾਂ
ਉਪਮਾ ਕਰਾਂ, ਅਨੂਪਮ ਆਖਾਂ, ਉਪਮਾ ਥਾਂ, ਨਿੰਦ ਧਰਨਾਂ
ਐਸਾ ਜਾਦੂ ਤੇਰਾ ਪ੍ਰੀਤਮ, ਇਸ ਦਰਸ਼ਕ ਤੇ ਹੋਇਆ :
ਜੀ ਚਾਹੇ ਜੀਵਨ ਮੁੱਲ ਪਾਵਾਂ, ਲਿਪਟ ਲਿਪਟ ਕੇ ਚਰਨਾਂ । ੭੦ ।



Namdhari Elibrary NamdhariElibrary@gmail.com

ਕੀ ਕੀਤਾ ਈ ਸਤਿਗੁਰ ਮੇਰੇ, ਜੁੱਗਾਂ ਦੀ ਭੁੱਖ ਜਾਗੀ
ਜੀ ਕਰਦਾ ਏ, ਦਰਸ਼ਨ ਕਰ ਕਰ, ਜਿੰਦ ਕਰਾਂ ਵਡਭਾਗੀ
ਰੋਮ ਰੋਮ ਅੱਖੀਆਂ ਜਿਉਂ ਮਾਣੇ, ਅੰਮ੍ਰਿਤ-ਦਰਸ਼ਨ ਤੇਰਾ :
ਕਣ ਕਣ ਵਿਚੋਂ ਤੂੰਹੀਂ ਦਿੱਸੇਂ, ਦੁਬਿਧਾ ਜਾਇ ਤਿਆਗੀ । ੭੧ ।

ਤੇਰੇ ਨਾਲ ਮੁਹੱਬਤ ਕਰਕੇ, ਮੈਂ ਹੈ ਜੀਵਨ ਪਾਇਆ
ਤੁਧ ਅੱਖੀਆਂ ਦੀ ਪੀ ਪੀ ਮਦਰਾ, ਰੂਹ ਰਹਿੰਦਾ ਨਸ਼ਿਆਇਆ
ਵਣ, ਪਰਬਤ, ਪੰਖੇਰੂ ਤਕ ਤਕ, ਤੇਰਾ ਰੂਪ ਚਿਤਾਰਾਂ :
ਸੱਜਣਾਂ ! ਤੂੰ ਦੁੱਖ ਦੂਰ ਕਰੇ ਨੇ, ਮੈਂ ਸੁਖ ਨਿਹਚਉ ਪਾਇਆ । ੭੨ ।

Namdhari Elibrary NamdhariElibrary@gmail.com

ਸਮਝ, ਸੁਰਤ ਨਹੀਂ ਮੇਰੇ ਪੱਲੇ, ਸਾਰ ਨ ਜਾਣਾਂ ਤੇਰੀ
ਤੂੰ ਸੁਮੇਰ, ਮੈਂ ਨਿਕੜੀ ਕੀੜੀ, ਪਹੁੰਚ ਕੀ ਹੋਣੀ ਮੇਰੀ
ਮੈਂ ਤਾਂ ਤੇਰੇ ਛਿੱਦਰ ਵੇਖਾਂ, ਪਰ ਤੂੰ ਸਦਾ ਦਇਆਲੂ :
ਵੇਖ ਹਿਮਾਕਤ ਮੇਰੀ, ਤਦ ਵੀ, ਬਖ਼ਸ਼ੇਂ ਲਾਇੰ ਨ ਡੇਰੀ । ੭੩ ।

ਪਰਦ ਬੇਪਰਦੀ ਤੇਰੀ ਮਹਿਮਾ, ਸਾਡਾ ਨਾ ਕੁਛ ਚਾਰਾ
ਰੀਝ ਦਰਸ ਦੀ ਅੰਦਰ ਰਹਿੰਦੀ, ਮੰਗਣ ਨੈਣ ਨਜ਼ਾਰਾ
ਪਰ ਇਹ ਵੱਸ ਨ ਸਾਡਾ ਸੁਹਣੇ ! ਹੈ ਅਧੀਨਗੀ ਪੱਲੇ :
ਆਸਾ ਦੀ ਤੰਦ ਪਕੜੀ ਆਈਏ, ਖ਼ਉਰੇ ਦਏਂ ਦਿਦਾਰਾ । ੭੪ ।



Namdhari Elibrary NamdhariElibrary@gmail.com

'ਸੁਣੰ ਸੁਣ ਸਿਫਤ ਤੇਰੀ ਦੁਨੀਆਂ ਤੋਂ,' ਮੈਂ ਡਾਢਾ ਸੁਖ ਪਾਵਾਂ
ਜੀ ਚਾਹਵੇ ਕਿ ਸਿਫਤਾਂ ਵਿਚ ਹੀ, ਆਪਣੀ ਜਿੰਦ ਵਿਹਾਵਾਂ
ਸਿਫਤ-ਸਲਾਹਣ ਛੱਡ ਜਿ ਤੇਰੀ ਨਿੰਦਾ ਵਿਚ ਗੁਆਚਾਂ :
ਤੇਰਾ ਤਾਂ ਕਛ ਘਟਣਾਂ ਹੈ ਨਹੀਂ, ਮੈਂ ਪਰ ਬਿਰਥਾ ਜਾਵਾਂ । ੭੫ ।

ਦਰ ਦਰ ਅਲਖ ਜਗਾਈ ਭਾਵੇਂ, ਤ੍ਰਿਸਨ ਨ ਉਤਰੀ ਮੇਰੀ
ਚਰਨ ਤੇਰੇ ਜਦ ਨਜ਼ਰੀਂ ਪੈ ਗਏ, ਮੁੱਕ ਗਈ ਵਾਟ ਘਣੇਰੀ
ਮਨ ਅੰਦਰ ਇਕ ਸ਼ਾਂਤੀ ਆਈ, ਤਨ ਨੂੰ ਠੰਢ ਵਿਆਪੀ :
ਤ੍ਰਿੰਨੇ ਤਾਪ ਨਿਵਾਰਨ ਵਾਲੇ, ਕੈਸੀ ਉਪਮਾ ਤੇਰੀ । ੭੬ ।



Namdhari Elibrary NamdhariElibrary@gmail com

ਤੇਰੀ ਤੱਕ ਸਮਾਧੀ, ਸਾਹਵੇਂ, ਐਸਾ ਮੈਂ ਨਸ਼ਿਆਵਾਂ
ਜਿਉਂ ਸ੍ਰਿਸ਼ਟੀ ਤੇ ਬੈਠਾ ਹੀ ਮੈਂ, ਸਵਰਗਾਂ ਦੇ ਸੁਖ ਪਾਵਾਂ
ਖੁੱਲ੍ਹੇ ਨੈਣ, ਫਰਕਦੀ ਬੁੱਲ੍ਹੀਆਂ, ਮੁੱਖ ਮੰਡਲ ਮੁਸਕਾਨਾਂ :
ਤਕ ਤਕ ਮੈਂ ਵਿਸਮਾਦੀ ਜਾਵਾਂ, ਬਿਨ ਬੋਲੋਂ ਪਿਆ ਗਾਵਾਂ । ੭੭ ।

ਆਵਣ ਜਾਣਾ ਉਸ ਦਾ ਮੁੱਕਾ ਜੋ ਤੇਰੇ ਦਰ ਆਇਆ
ਤੇਰੇ ਘਰੋਂ ਤਸੱਲੀ ਮਿਲਦੀ, ਜਿਸ ਦੀ ਹੈ ਸਭ ਮਾਇਆ
ਜਿਸ ਨੂੰ ਸੁਖ ਤੈਥੋਂ ਨਾ ਮਿਲਿਆ, ਭਟਕ ਨ ਉਸ ਦੀ ਮੁੱਕੇ :
ਵਾਂਗ ਭੰਬੀਰੀ ਭਉਂਦੇ ਖਪਦੇ ਉਸ ਨੇ ਜਨਮ ਗਵਾਇਆ । ੭੮ ।



Namdhari Elibrary NamdhariElibrary@gmail.com

ਕਦੀ ਕਦੀ ਜਦ ਅੰਦਰ ਆਉਨੈਂ, ਹੋਰ ਹੋਰ ਹੋ ਜਾਵਾਂ
ਫੁੱਲਾਂ ਦੀ ਪੱਤੀਆਂ ਨੂੰ ਚੁੰਮਾਂ, ਰੁੱਖੀਂ ਜੱਫੀਆਂ ਪਾਵਾਂ
ਕੰਡੇ ਵੀ ਤਦ ਪਿਆਰੇ ਲੱਗਦੇ, ਕਲੀਆਂ ਦਾ ਕੀ ਕਹਿਣਾ :
ਚੰਗਾ ਹੋਇ ਜੇ ਛੱਡ ਨ ਜਾਵੇਂ, ਮੈਂ ਨਿੱਤ ਏਹੋ ਚਾਹਵਾਂ ।੭੯।

ਸੂਰਜ ਵਾਂਗ ਸੁਆਵਾਂ ਤੇਰੀਆਂ, ਜਿਉਂ ਧਰਤੀ ਤੇ ਆਈਆਂ
ਅਸਲੀਅਤ ਝਾਕੀ ਹਰ ਤਰਫ਼ੋਂ, ਹੋਈਆਂ ਦੂਰ ਸਿਆਹੀਆਂ
ਸਾੜੇ ਅਤੇ ਪਕਾਵੇ ਸੂਰਜ, ਈਕਰ ਹੀ ਢੰਗ ਤੇਰਾ :
ਤੇਰੇ ਤੇਜ ਸੌਹੇਂ ਹੇ ਪਿਆਰੇ, ਝੁਕ ਝੁਕ ਜਾਂਦੀਆਂ ਸ਼ਾਹੀਆਂ ।੮੦।



Namdhari Elibrary NamdhariElibrary@gmail.com

ਚੰਦਰਮਾ ਤੋਂ ਵਧ ਕੇ ਤੈਨੂੰ ਸੀਤਲ ਪਿਆਰਾ ਡਿੱਠਾ
ਹੈ ਪਰਕਾਸ਼ ਸੁਖਦ ਸੁਹਣੇਰਾ, ਕੋਮਲਤਾ ਲਈ ਮਿੱਠਾ
ਤਕਿਆਂ ਤੈਨੂੰ ਹਿਰਦਾ ਵਿਗਸੇ ਜਿਉਂ ਸਰਵਰ ਵਿਚ ਕੰਮੀ :
ਵਾਂਗ ਚਕੋਰ ਸਬਰ ਨਾ ਆਵੇ, ਤਕ ਤਕ ਪਿਆਰ ਘਣਿੱਠਾ । ੯੧ ।

ਉਪਮਾਂ ਤੇਰੀ ਨਾਲ ਤਾਰਿਆਂ ਦੇਂਦਿਆਂ ਮੂਲ ਨ ਝੱਕਾਂ
ਦੂਰ, ਦੂਰ, ਤੂੰ ਅਤੀ ਦੂਰ ਹੈਂ, ਕਿਰਨੇਂ ਤੈਨੂੰ ਤੱਕਾਂ
ਨਿਆਰਾ ਵੀ ਹੈਂ, ਪਿਆਰਾ ਵੀ ਹੈਂ, ਨੇੜੇ ਰਾਹ ਦਸਾਊ :
ਸੂਰਜ ਚੰਨ ਜਦੋਂ ਨਾ ਹੁੰਦੇ, ਤੈਨੂੰ ਤੱਕ ਨ ਥੱਕਾਂ । ੯੨ ।



Namdhari Elibrary NamdhariElibrary@gmail com

ਸੂਰਜ, ਚੰਨ, ਤਾਰਿਆਂ ਨਾਲੋਂ ਵੀ ਵਡਿਆਈ ਤੇਰੀ
ਜਿਉਂ ਅਸਮਾਨ ਨੀਲਮਾ ਛਾਈ ਕੁਲ ਬ੍ਰਹਿਮੰਡ ਘਣੇਰੀ
ਕਿਤਨਾ ਬੜਾ ਵਿਸ਼ਾਲ ਕਲਾਵਾ, ਸੈ ਸ੍ਰਿਸ਼ਟੀ ਦਾ ਉਹਲਾ :
ਪੰਛੀ ਬਣ ਮੈਂ ਉਡਦਾ ਜਾਵਾਂ, ਭਾਲ ਨ ਮੁੱਕੇ ਮੇਰੀ । ੯੩ ।

ਚਤੁਰ, ਸੁਜਾਨ, ਦੂਰ-ਸਮ-ਦਰਸੀ, ਕੌੜਾ ਵੀ ਤੇ ਮਿੱਠਾ
ਅੰਦਰੋਂ ਬਾਹਰੋਂ ਬਹੁਰੰਗੀ ਹੈਂ, ਇਕ ਇਕ ਰੰਗ ਘਣਿੱਠਾ
ਸਮਝ ਨ ਆਵੇਂ, ਸਮਝਾਂ ਹੁੱਟੀਆਂ, ਕਰੇ ਕੌਰ ਤੇਰੀਆਂ ਪਰਖਾਂ :
ਕੁਝ ਵੀ ਨਹੀਂ ਤੇ ਸਭ ਕੁਛ ਤੂੰ ਹੈਂ, ਏਹੋ ਅੰਤਮ ਚਿੱਠਾ । ੯੪ ।



Namdhari Elibrary NamdhariElibrary@gmail.com

ਮੇਰੇ ਸਤਿਗੁਰ ਨਾ ਦੇਹ ਮੈਨੂੰ, ਨਿੰਦਾ, ਚੁਗਲੀ, ਸਾੜਾ
ਦੁਖੀ ਰਹਿਣ ਤੇ ਦੁਖੀ ਕਰਨ ਦਾ ਵਧੀਆ ਏਹ ਪੁਆੜਾ ।
ਮੈਨੂੰ ਤੇਰੀ ਸਿਫ਼ਤ ਸਲਾਹ ਬਿਨ, ਹੋਰ ਨ ਚੰਗਾ ਲੱਗੇ :
ਥੇਰੀ ਕੋਲ ਅਕੇਲਾ ਕੇਲਾ, ਨਿੱਤ ਕੱਢਦਾ ਇਹ ਹਾੜਾ । ੯੫ ।

ਦੂਰੋਂ, ਜਿਉਂ ਚੰਦੇ ਦਾ ਚਾਨਣ, ਝਰ ਝਰ ਝਰਦਾ ਆਵੇ
ਤਿਵੇਂ ਤੇਰੀ ਬਖ਼ਸ਼ਸ਼ ਦੀ ਗੰਗਾ, ਮੈਨੂੰ ਨਿੱਤ ਨੁਹਾਵੇ
ਕੂੰਜ ਵਾਂਗ ਬੱਚਾ ਰੱਖ ਚੇਤੇ, ਜੀਕਰ ਪ੍ਰੀਤਮ ਪਾਲੇਂ :
ਗਦ ਗਦ ਮੁਕਤ ਕੰਠ ਇਹ ਸਾਇਰ, ਤੈਨੂੰ ਸਦਾ ਧਿਆਵੇ । ੯੬ ।



Namdhari Elibrary NamdhariElibrary@gmail.com

ਖਿੜਿਆ ਵੇਖ ਗੁਲਾਬ ਕਿਸੇ ਦਾ, ਤੇਰਾ ਚੇਤਾ ਆਇਆ
ਕੀਕਰ ਰੂਪ-ਰੰਗ-ਰਸ-ਗੰਧ ਦਾ, ਤੂੰ ਸੰਜੋਗ ਬਣਾਇਆ
ਵਿੰਹਦਿਆਂ ਵਿੰਹਦਿਆਂ ਪੁਸ਼ਪ ਅੰਦਰੋਂ, ਤੇਰੀ ਸੂਰਤ ਡਿੱਠੀ :
"ਸਦਾ ਗੁਲਾਬ ਵਾਂਗ ਰਹੁ ਪ੍ਰੀਤਮ", ਤੂੰ ਮੁੱਖ ਤੋਂ ਫ਼ਰਮਾਇਆ । ੯੭ ।

ਸੁਬਹ ਸਵੇਰੇ ਘਾਹ-ਕਿੱਤੇ ਵਿਚ, ਜਾਂ ਮੈਂ ਕਦਮ ਟਿਕਾਏ
ਮੇਰੇ ਪ੍ਰੀਤਮ, ਓਥੇ ਵੀ ਮੈਂ, ਦਰਸ਼ਨ ਤੇਰੇ ਪਾਏ
ਘਾਹ-ਪੱਤੀ ਤੇ ਲਟਕੇ ਤੁਪਕੇ ਤ੍ਰੇਲ ਕਿਹਾ ਮੁਸਕਾ ਕੇ :
"ਚਰਨਾਂ ਵਿਚ ਜੋ ਰਹਿੰਦਾ, ਉਸ ਤੇ ਕਦੇ ਨ ਆਫ਼ਤ ਆਏ" । ੯੮ ।



Namdhari Elibrary NamdhariElibrary@gmail.com

ਤੂੰ ਪਰਦੇਸ, ਦੇਸ ਵਿਚ ਮੈਂ ਹਾਂ, ਫਿਰ ਵੀ ਐਕਣ ਲੱਗੇ
ਜਿਵੇਂ ਇਕੱਠੇ ਹਾਂ ਪਏ ਜਾਂਦੇ, ਮੈਂ ਪਿੱਛੇ, ਤੂੰ ਅੱਗੇ
ਜੁਗਾਂ ਜੁਗਾਂ ਤੋਂ ਮੈਂ ਤੇ ਤੂੰ ਦੀ, ਏਹੋ ਰਹੀ ਕਹਾਣੀ :
ਗੱਲਾਂ ਘੜ ਘੜ ਦਰਸ਼ਨ ਵਾਲੇ, ਲੈ ਜਾਂਦੇ ਨੇ ਥੱਗੇ ।੮੯।

ਕੈੜਾ ਹੁਕਮ ਮਨਾਵਣ ਲਈ ਤੂੰ, ਕਿੰਜ ਖੁੱਲ੍ਹ ਵਰਤੇਂ ਮਿੱਠਾ
ਚਮਤਕਾਰ ਮੈਂ ਇਹ ਵੀ ਅੱਜ ਕੱਲ੍ਹ, ਖ਼ੂਬ ਤੇਰਾ ਹੈ ਡਿੱਠਾ
''ਸਾਂਤਿ ਪਾਈ ਗੁਰ ਸਤਿਗੁਰ ਪੂਰੇ'', ਸਮਝ ਹਰ ਤਰ੍ਹਾਂ ਆਈ :
ਨਾ ਨਾ ਨਾ ਦਾ ਮੇਰੇ ਨਾਂ ਤੇ, ਕੱਲ੍ਹ ਆ ਗਿਆ ਚਿੱਠਾ ।੯੦।



Namdhari Elibrary NamdhariElibrary@gmail.com

ਸਰਵ ਸ਼ਕਤੀਆਂ ਹੁੰਦੇ ਸੁੰਦੇ, ਕਿਉਂ ਤੂੰ ਰਹੇਂ ਨਿਮਾਣਾ
ਏਦਾਂ ਤਾਂ ਗੱਡੀ ਨਹੀਂ ਰਿੜ੍ਹਨੀ, ਜੇ ਅੱਗੇ ਹੈ ਜਾਣਾ
ਲੱਖਾਂ ਅੱਖਾਂ, ਜੀਭਾਂ ਹਜ਼ਾਰਾਂ, ਕੋਟਿ ਕੋਟਿ ਦਿਲ ਧੜਕਣ :
ਵਾਗਾਂ ਫੜ ਹੱਥ ਆਪ ਪਿਆਰੇ, ਆਪੇ ਮਿਥੀਂ ਟਿਕਾਣਾ । ੯੧ ।

ਕਦੇ ਕਦੇ ਇੰਜ ਲੱਗੇ, ਜੀਕਰ ਹਿਕੜੀ ਮੇਰੀ ਖ਼ਾਲੀ
ਦਿਲ ਧੜਕਣ ਤਾਂ ਦੂਰ ਵਲਿੱਖੇਂ, ਕੰਨ ਸੁਣਨ ਮਤਵਾਲੀ
ਖ਼ੁਸ਼ ਹੋ, ਖ਼ੁਸ਼ੀਆਂ ਵੰਡੇਂ ਕੀਕਰ, ਮਨ ਦੀਆਂ ਅੱਖਾਂ ਵੇਖਣ :
ਪ੍ਰਿਯ ਮੇਰੇ, ਮੈਂ ਹਰਦਮ ਚਾਹਾਂ, ਤੇਰੀ ਜ਼ਿੰਦ ਸੁਖਾਲੀ । ੯੨ ।



Namdhari Elibrary NamdhariElibrary@gmail com

ਬਾਲ ਪ੍ਰੀਤਮ, ਠੋਡੀ ਹੱਥ ਧਰ, ਧਰ ਤੇ ਲੰਮਾ ਪੈ ਕੇ
ਸੁਣਦਾ ਰਿਹਾ ਕਹਾਣੀ ਕੁਦਰਤ, ਰੋਜ਼-ਬਰੋਜ਼ੀਂ ਕਹਿ ਕੇ
ਤਖ਼ਤ ਬਖ਼ਤ ਦਾ ਮਾਲਿਕ ਬਣ ਹੁਣ, ਸੈਰ ਜਗਤ ਦੇ ਕਰਦਾ !
ਕਥਾਕਾਰ ਵਿੰਹਦਾ ਹੀ ਰਹਿੰਦਾ, ਕਦ ਜਾਵੇਂਗਾ ਲੈ ਕੇ । ੯੩ ।

ਸਕਲ ਭਵਨ ਦੇ ਨਾਇਕ ਪ੍ਰੀਤਮ, ਚਰਨਾਂ ਵਿਚ ਲਿਵ ਜੋੜੇ
ਭਟਕਣ ਤੋਂ ਸ਼ਾਂਤੀ ਮਿਲ ਜਾਵੇ, ਵਿਸ਼ਿਆਂ ਤੋਂ ਮੂੰਹ ਮੋੜੇ
ਫੁੱਲਾਂ ਵਿਚ ਜੇਕਰ ਖ਼ੁਸ਼ਬੋਈ, ਇੰਜ ਮੇਰੇ ਵਿਚ ਵਿਆਪੋ :
ਧਰਤੀ, ਸੂਰਜ, ਚੰਨ ਤਾਂ ਮੁੱਕਣ, ਤੁਸੀਂ ਨ ਕਦੇ ਵਿਛੋੜੋ । ੯੪ ।



Namdhari Elibrary NamdhariElibrary@gmail com

ਜੀਵਨ ਦੀ ਹਲ-ਚਲ ਵਿਚ ਰੁੱਝਾ; ਤੇਰੇ ਵਿਚ ਪਰ, ਜੀਵਾਂ
ਜ਼ਹਿਰ ਜਗਤ ਦੀ ਸੁਖ ਹੀ ਜਾਪੇ, ਅੰਮ੍ਰਿਤ ਕਰ-ਕਰ ਪੀਵਾਂ
ਸੂਰਜ-ਕਿਰਨਾਂ ਸਮ ਸ਼ੁੱਧ ਰਹਿ ਕੇ, ਜੀਵੰਦਿਆਂ ਮੁਕਤਾਵਾਂ :
ਤੇਰੇ ਤੋਂ ਬਿਨ ਕੌਣ ? ਜੁ ਮੰਨੇ ਮੂੰਹ-ਮੰਗਿਆ, ਬੇ-ਸੀਵਾਂ । ੯੫ ।

ਯੁਗ ਯੁਗਾਂਤਰਾਂ ਤੋਂ ਤੂੰ ਆਪੇ, ਘੜ-ਭੰਨੇਂ ਜਦ ਚਾਹੇਂ
ਮੈਂ-ਮੈਂ ਤੂੰ-ਤੂੰ ਦੇ ਕੇ ਸਾਨੂੰ, ਮੋਹ ਮਾਇਆ ਵਿਚ ਫਾਹੇਂ
ਬਹੁਤ ਹੋ ਗਈ ! ਬਖ਼ਸ਼ ਅਸਾਨੂੰ; ਕੋਹਲੂ-ਬੈਲ ਬਣੇ ਹਾਂ :
ਲਾ ਚਰਨੀਂ, ਦੇ ਗਿਆਨ ਪਦਾਰਥ, ਕਿਉਂ ਕਰਮੀਂ ਲੱਗ ਢਾਹੇਂ । ੯੬ ।



Namdhari Elibrary NamdhariElibrary@gmail.com

ਐਸੀ ਬੁੱਧ ਦੇਹ ਕਿ ਆਵੇ, ਹਰ ਜਾ ਤੇਰਾ ਨਜ਼ਾਰਾ
ਦਿਲ ਐਸਾ ਦੇਹ, ਹਰ ਕੋਈ ਜਾਪੇ, ਤੇਰੇ ਵਾਂਗ ਪਿਆਰਾ
ਖੇਲ ਅਜੇਹਾ ਬਖ਼ਸ਼ ਕਿ ਸੜਦੇ ਜੀਵਾਂ ਤੇ ਠੰਢ ਪਾਵਾਂ :
ਕੀ ਘਾਟਾ ਤੇਰੇ ਦਰ ਸਤਿਗੁਰ, ਖੋਲ੍ਹ ਮੁਕਤ-ਭੰਡਾਰਾ । ੯੭ ।

ਜੇ ਖੂਹੇ ਨੇ ਗਿੜਦਿਆਂ ਰਹਿਣਾ, ਨਿਕਲੇ ਅੰਮ੍ਰਿਤ ਪਾਣੀ
ਸਦਾ ਸੁੱਖਾਂ ਦਾ ਮੱਖਣ ਪਾਵਾਂ, ਚਲਦਿਆਂ ਕਰਮ-ਮਧਾਣੀ
ਜੇ ਜੀਭਾ ਨੇ ਕਰਨਾ ਹੈ ਕੁਛ, ਤਾਂ ਜੱਸ ਤੇਰਾ ਕਰ ਲਏ :
ਤੈਥੋਂ ਬਿਨਾਂ ਜਗਤ ਨਾ ਦਿੱਸੇ, ਕੰਨ ਸੁਣਨ ਤੁਧ ਬਾਣੀ । ੯੮ ।



Namdhari Elibrary NamdhariElibrary@gmail com

ਇਕ ਪਲਕ, ਲੱਖ ਪਲਕ ਬਣੀਵੇ, ਲੱਖ ਲੱਖ ਵਾਰੀਂ ਖੁੱਲ੍ਹੇ
ਇਕ ਅੱਖ-ਧੀਰੀ, ਲੱਖ ਧੀਰੀ ਹੋਇ, ਕੋਟਾਂ ਵਾਰੀਂ ਡੁੱਲ੍ਹੇ
ਓ ਪ੍ਰੀਤਮ ! ਤੇਰਾ ਪਲ-ਦਰਸ਼ਨ, ਸੌ ਗੰਗਾਂ ਦਾ ਨ੍ਹਾਣਾ :
ਪਿਆਰ ਅਜੇਹਾ ਅੰਦਰ ਬੱਧਿਓ ਈ ਨਿੱਤ ਫਲੇ ਤੇ ਫੁੱਲੇ ।੯੯।

ਉਹ ਤੁਰ ਗਿਆ ਤਾਂ ਨਾਲ ਲੈ ਗਿਆ, ਸਭ ਖੁਸ਼ੀਆਂ ਤੇ ਹਾਸੇ
ਤੂੰ ਆਇਓਂ ਤੇ ਓਹੋ ਦਿਸਿਓਂ, ਜਿਉਂ ਸੂਰਜ ਵਿਚ ਕਾਸੇ
ਉਹ ਤੇ ਤੂੰ ਅੱਜ ਦੋ ਨਾ ਦਿੱਸੋ, ਫਰਕ ਨ ਰੂਹ ਤੇ ਤਨ ਦਾ :
ਹਰ ਪਲ ਸਦਕੇ ਹੁੰਦਿਆਂ ਤੈਥੋਂ, ਜਿੰਦ ਨਿਗੂਣੀ ਭਾਸੇ ।੧੦੦।



Namdhari Elibrary NamdhariElibrary@gmail.com

ਰੱਬ ਦੀ ਮਿਹਰੰਮਤ ਨੇ ਤ੍ਰੁੱਠ ਕੇ, ਮਾਨੁੱਖ ਤਨ ਅਪਣਾਇਆ
ਉਸ ਵਿਚ ਰੂਪ, ਰੰਗ, ਰਸ ਪਾ ਕੇ, ਡੂੰਘਾ ਦਰਦ ਛੁਪਾਇਆ
ਖ਼ੁਸ਼ ਲਿਬਾਸ, ਖ਼ੁਸ਼ ਬੋਲ, ਮਹਿਰਮੀ, ਝਲਕ ਰੰਗੀਨੀਆਂ ਵਾਲੀ :
ਕੌਣ ਜੁ ਇਸ ਨੂੰ ਤੱਕ ਨ ਪਿਆਰੇ ? ਇਹ ਪਿਆਰੇ ਦਾ ਜਾਇਆ । ੧੦੧ ।

ਭ੍ਰਿੰਗੀ ਵਾਂਗ ਜਿਨ੍ਹੂੰ ਤੂੰ ਪਕੜੇਂ, ਆਪਣੇ ਜੇਹਾ ਕਰ ਦੇਂ
ਪਾਰਸ ਛੁਹ ਲਾ ਕੰਚਨ ਕਰਕੇ, ਸੱਖਣੇ-ਊਣੇ ਭਰ ਦੇਂ
ਚੰਦਨ ਗੰਧ ਛੁਹਿਆਂ ਨੂੰ ਬਖ਼ਸ਼ੇਂ, ਮਾਣ, ਨਿਮਾਣੀਂ ਦੇਵੇਂ :
ਮਿਹਰੰਮਤ ਦੇ ਸੁਆਮੀ ਪ੍ਰੀਤਮ, ਨਿਘਰਿਆਂ ਨੂੰ ਘਰ ਦੇਂ । ੧੦੨ ।



Namdhari Elibrary NamdhariElibrary@gmail.com

ਤੇਰੇ ਤੋਂ ਇਨਕਾਰ ਨ ਮਿਲਿਆ, ਕਲਪ ਬਿਰਛ ਤੂੰ ਮੇਰਾ
ਅੰਨ ਚਿਤਵੇਂ ਸੁਖ ਦੇਵੇਂ, ਸੁਹਣੇ ! ਤੇਰਾ ਸੁਆਦ ਘਣੇਰਾ
ਆਪੇ ਤੁੱਠੇਂ, ਆਪੇ ਵੁੱਠੇਂ, ਆਪੇ ਰੀਝਾਂ ਦੇਵੇਂ :
ਸ਼ਾਲਾ ! ਤੇਰਾ ਪਿਆਰ ਸੁਖਾਵਾਂ, ਨਿਤ ਨਿਤ ਹੋਇ ਵਧੇਰਾ । ੧੦੩ ।

ਸਾਵਣ ਵਸਿਆ, ਠੰਢਕ ਹੋਈ, ਧਰਤੀ ਪੂਰ-ਪੂਰ ਰੱਜੀ
ਮਨ ਸਰਸੇ ਨੇ ਗੀਤ ਗਾਵਿਆਂ-ਪਰ-ਕੂਕ ਹਿਜਰ ਦੀ ਵੱਜੀ
ਤੂੰ ਪਰਦੇਸ, ਦੇਸ ਸਭ ਸੁੰਨਾ, ਕਿਸ ਬਿਧ ਸਾਵਣ ਮੰਨੇ :
ਆ ਓ ਸਜਣਾ ! ਚਰਨੀਂ ਲਾ ਲੈ, ਮੈਂ ਜਾਂਦੀ ਉ ਦੱਬੀ । ੧੦੪ ।



Namdhari Elibrary NamdhariElibrary@gmail com

ਗਗਨੀਂ ਉਲਥੇ ਬੱਦਲ ਕਾਲੇ, ਛਾਇਆ ਘੁੱਪ ਹਨੇਰਾ
ਸੂਰਜ ਦੀ ਕੋਈ ਪੇਸ਼ ਨ ਜਾਂਦੀ, ਰਿਹਾ ਖਲਾ, ਕਰ ਜ਼ੋਰਾ
ਇੰਜ ਮੇਰੇ ਤੇ ਬਿਰਹੋਂ ਬੱਦਲ, ਨੀਵੇਂ ਹੋ ਹੋ ਬਰਸਣ :
ਕੀਕਰ ਸੂਰਜ-ਮੁਖ ਮੈਂ ਵੇਖਾਂ, ਦਰਸ਼ਨ ਪਰਸਾਂ ਤੇਰਾ ।੧੦੫।

ਫੁਟ ਪਏ ਚਸ਼ਮੇਂ ਗੀਤਾਂ ਵਾਲੇ, ਦਰਸ ਤੇਰਾ ਜਾਂ ਕੀਤਾ
ਨਿਹੁੰਤਾਏ ਨੈਣਾਂ ਨੂੰ ਤਕ ਕੇ ਅਮਿਉ-ਪਿਆਲਾ ਪੀਤਾ
ਭੁੱਲ ਗਏ ਰੋਗ-ਸੋਗ ਦੁਨੀਆਂ ਦੇ, ਖੁਸ਼ੀ ਚੁਗਿਰਦੇ ਨੱਚੀ :
ਖੁਸ਼ ਹੋ ਕੇ ਰਸ ਮਾਣ ਰਿਹਾ ਹਾਂ, ਜੱਗ ਤੋਂ ਚੁੱਪ ਚੁਪੀਤਾ ।੧੦੬।

Namdhari Elibrary NamdhariElibrary@gmail com

ਓਸ, ਗਲੇ ਕੌੜੀ ਦਾ ਟੁਕੜਾ, ਸਾਡੇ ਵੱਲ ਵਗ੍ਹਾਇਆ
ਅਸਾ ਓਸ ਨੂੰ ਵਿਹੜੇ ਦੇ ਵਿੱਚ, ਸੱਧਰਾਂ ਨਾਲ ਸੁਆਇਆ
ਸਮਾ ਆਇਆ ਤਾਂ ਪੁੰਗਰਨ ਲੱਗਾ, ਲਗਰਾਂ ਬਣ ਬਣ ਵਧਿਆ :
ਉਸ ਕੌੜੇ ਨੇ, ਪਿਆਰ ਮਿਠੇਰਾ, ਅਪਣੇ ਵਾਂਗ ਵਧਾਇਆ । ੧੦੭ ।

ਚਿੜੀਓ ਨੀ ! ਸੰਗੀਤ ਨ ਗਾਓ, ਸੰਧਿਆ ! ਤੂੰ ਵੀ ਜਾ
ਨੀਂਦੇ ਨੀ ! ਨਹੀਂ ਲੋੜ ਤੇਰੀ ਵੀ, ਸਾਹੋ ! ਹੋਊ ਬੇ-ਸਾਹ
ਲਹੂਆ ਵੇ ! ਤੂੰ ਵੀ ਸਸਤਾ ਲੈ, ਅਜ ਪ੍ਰੀਤਮ ਨਹੀਂ ਕੋਲ :
ਦਿਲ ਦੀ ਧੜਕਣ ! ਰੁਕ ਜਾ ਏਥੇ, ਕੀ ਹੱਜ ਜੀਵਣ ਦਾ । ੧੦੮ ।

ਚੰਨਾ ! ਤੇਰੀ ਚਮਕ ਨ ਭਾਵੇ, ਨਾ ਲਟਕੰਦੜੇ ਤਾਰੇ
ਬਾਗ਼ਾਂ ਦੀ ਖ਼ੁਸ਼ਬੋ ਨਹੀਂ ਮੰਹਦੀ, ਉਲਟਾ, ਸਾਂਗਾਂ ਮਾਰੇ
ਵ਼ਸਦਾ ਜੱਗ ਉਜਾੜ ਦਿਸੰਦਾ ਜਦ ਪ੍ਰੀਤਮ ਨਹੀਂ ਕੋਲ :
ਹਾਏ ਰੱਬਾ ! ਕਦ ਘੜੀ ਸੁਲੱਖਣੀ, ਆਊ ਨਾਲ ਪਿਆਰੇ । ੧੦੯ ।

ਕ਼ਦਮੀਂ ਤੁਰਦਿਆਂ ਪੰਧ ਨ ਮੁੱਕੇ, ਏਨਾ ਦੇ ਤੇਰਾ ਵਿਹੜਾ
ਸ਼ਬਦ ਹੰਭ ਗਏ, ਸਿਫ਼ਤ ਨ ਮੁੱਕੀ, ਗੁਣਾਂ ਗਿਣਾਏ ਕਿਹੜਾ
ਯਾਦਾਂ ਆ ਆ ਝੁਰਮਟ ਪਾਵਣ, ਤੇ ਤੜਪਾਵਣ ਮੈਨੂੰ :
ਯਾਦਾਂ ਦੀ ਥਾਂ ਤੂੰ ਆ ਪਿਆਰੇ ! ਮਨ ਦਾ ਮੀਤ ਹੈਂ ਜਿਹੜਾ । ੧੧੦ ।



Namdhari Elibrary NamdhariElibrary@gmail com

ਅਸਮਾਨਾਂ ਚੋਂ ਅੰਮ੍ਰਿਤ ਚੋਵੇ, ਧਰਤੀਓਂ ਫੁੱਟਣ ਮੇਵੇ
ਵਾਵਾਂ ਵਿਚ ਸੁਗੰਧੀ ਘੁੱਲੀ; ਜੁਗ ਨੂੰ ਧੜਕਣ ਦੇਵੇ
ਕੰਨਾਂ ਵਿਚ ਕੋਈ ਨਾਦ ਸੁਣੀਵੇ, ਅਖੀਂ ਠੰਢਕ ਭਾਸੇ :
ਰੂਹ ਮਸਤੀਵੇ, ਪ੍ਰਿਯ ਅਪਣੇ ਦੇ ਆਉਣ ਦੇ ਹਨ ਟੇਵੇ ।੧੧੧।

ਹਾੜਾ ਵੇ, ਰੇਤੂ ਦੇ ਕਿਣਕਿਓ ! ਅੱਜ ਫੁੱਲ-ਪੱਤੀਆਂ ਹੋਓ
ਊਸ਼ਾ ਨੀ ! ਜ਼ਰਾ ਗਗਨੀਂ-ਕੇਸਰ, ਲੈ ਧਰਤੀ ਤੇ ਚੋਓ
ਵਾਏ ਨੀ ! ਰਤਾ ਗਮਕੀਂ ਵੱਗੀਂ ਤੇ ਖੁਸ਼ਬੋ ਖਿਲਾਰੀਂ :
ਪਿਆਰੇ ਨੂੰ ਅਜ ਮਿਲਕੇ, ਅੱਖੀਓ ! ਪਲਕਾਂ-ਤਖ਼ਤੇ ਢੋਓ ।੧੧੨।



Namdhari Elibrary NamdhariElibrary@gmail.com

ਨਜ਼ਰਾਂ ਨਾਲ ਨ ਤੂੰ ਦਿਸਦਾ ਏਂ, ਫਿਰ ਵੀ ਰਹਿੰਨਾ ਏਂ ਕੋਲ
ਹੱਥਾਂ ਨਾਲ ਛੁਹਿਆ ਨਾ ਜਾਵੇਂ, ਉਂਜ ਤੂੰ ਕਰੇਂ ਕਲੋਲ
ਸੂਖਮ, ਸੁੱਚਾ ਪਿਆਰ ਸੁਹਣਿਆਂ, ਦਏ ਨਜ਼ਾਰੇ ਹਰ ਪਲ :
ਅਣ-ਦਿਸਦਾ ਵੀ, ਦਿਸਦਾ ਜਾਪੇਂ, ਚੁੱਪ ਦੇ ਸੁਣਨਾਂ ਬੋਲ ।੧੧੩।

ਸੁਧ ਬੁਧ ਜਾਇ ਗੁਆਚ ਕਿ ਮਿਲਿਆਂ ਤੈਨੂੰ ਪਿਆਰੇ
ਤੂੰ ਕੁਝ ਆਖੇਂ, ਮੈਂ ਕੁਝ ਸਮਝਾਂ, ਕੰਮ ਨ ਔਣ ਇਸ਼ਾਰੇ
ਆਪਾ ਤੇਰੇ ਵਿਚ ਸਮਾਂਦਾ, ਅਪਣਾ ਆਪ ਭੁਲਾਕੇ :
ਧੰਨ ਤੂੰ ਹੈਂ ਜੋ ਭੁੱਲੜ ਨੂੰ ਵੀ, ਮੁੜ ਮੁੜ ਦਏਂ ਨਜ਼ਾਰੇ ।੧੧੪।



Namdhari Elibrary NamdhariElibrary@gmail com

ਤਾਰੇ ਚੜ੍ਹਨ, ਤੇਰੀਆਂ ਰਸ਼ਮਾਂ ਮੇਰੇ ਤੇ ਆ ਬਰਸਨ
ਪਰ ਮੇਰੀਆਂ ਅੱਖੀਆਂ ਤੇ ਹਿਰਦਾ, ਪਿਆਰ ਤੇਰੇ ਲਈ ਤਰਸਨ
ਦੂਰੋਂ ਤਾਂ ਮਿਹਰੰਮਤ ਤੇਰੀ ਸਦਾ ਮੇਰੇ ਤੇ ਰਹਿੰਦੀ :
ਪਰ ਭੁਖੀ ਰੂਹ ਮੇਰੀ ਤਾਈਂ, ਚਰਨੀਂ ਲਾ, ਦੇਹ ਦਰਸ਼ਨ । ੧੧੫ ।

ਸਮਾ ਸੁਹਾਣਾ, ਧੁਪਿਆ ਸਬਜ਼ਾ, ਉਮਡ-ਉਮਡ ਘਟ ਛਾਈ
ਗਾਵਾਂ ਮੱਝਾਂ ਖੁਸ਼ ਹੋ ਚਰਦੀਆਂ, ਹਵਾ ਰੁਮਕਦੀ ਆਈ
ਮੇਰੇ ਹਿਰਦੇ ਵਿਚ ਪਰ ਅਗਨੀ, ਬਲ-ਬਲ ਲਾਟਾਂ ਛੱਡਦੀ :
ਮੀਂਹ ਵਸਿਆ ਪਰ ਅਗਨੀ ਭੜਕੀ ਦੂਣੇਂ ਦੂਣ ਸਵਾਈ । ੧੧੬ ।



Namdhari Elibrary NamdhariElibrary@gmail com

ਉਮਡ ਘੁਮਡ ਅਜ ਘਟਾ ਕਾਲੀਆਂ, ਅਸਮਾਨੀਂ ਛਾ ਜਾਣ
ਇਵੇਂ ਯਾਦ ਦੇ ਬੱਦਲ ਮੁੜ ਘਿੜ, ਮੈਂ ਤੇ ਝੁਰਮਟ ਪਾਣ
ਜੇਕਰ ਸਾਰੇ ਦਿਨ ਦੀ ਗਰਜਣ, ਧਰਤੀ ਨੂੰ ਨਹੀਂ ਪੋਹੀ :
ਈਕਰ ਦਰਸ਼ਨ ਦੇ ਬਿਨ ਯਾਦਾਂ ਨਾ ਸੁਖ-ਸੁਆਦ ਲਿਆਣ ।੧੧੭।

ਸ਼ੀਸ਼ੇ ਪਾਸ ਅਚਾਨਕ ਜਾ ਕੇ, ਮੈਂ ਜਾਂ ਉਨ੍ਹੂੰ ਤਕਾਇਆ
ਉਸ ਵਿੱਚੋਂ ਮੈਂ ਆਪਾ ਡਿੱਠਾ, 'ਉਸ' ਦਾ ਰੂਪ ਨ ਥਿਆਇਆ
ਪੁਛਿਆ ਮੈਂ—"ਕਮਲੇ ! ਕੀ ਕੀਤੋਂ ਈ, ਕਿਉਂ ਨ ਅਕਜ ਰਚਾਇਆ ?"
ਕਹਿਣ ਲੱਗਾ—"ਬਦ ਕਿਸਮਤ ਹਾਂ ਮੈਂ, ਕਦੇ ਨ ਉਸ ਹੱਥ ਲਾਇਆ ।"
।੧੧੮।



Namdhari Elibrary NamdhariElibrary@gmail.com

ਬੇ ਜ਼ਬਾਨ ਦੀਆਂ ਗੱਲਾਂ ਸੁਣਕੇ, ਫੜਕ ਪਿਆ ਮਨ ਮੇਰਾ, ਮੀਤ !
ਫੁੱਲਾਂ ਦਾ ਗੁਲਦਸਤਾ ਰਚਕੇ, ਅੰਦਰ ਲਿਆਇਆ ਨਾਲ ਪਰੀਤ
ਹਰ ਪੱਤੀ ਪਛਤਾਂਦੀ ਬੋਲੀ—''ਕਾਸ਼ ! ਜਿ ਅਜ ਦਰਸ਼ਨ ਹੋ ਜਾਂਦੇ :
ਜੀਵਨ ਦਾ ਮੁੱਲ ਮਿਲ ਜਾਣਾ ਸੀ, ਹੁਣ ਪਰ ਜਾਣੀ ਐਵੇਂ ਬੀਤ।'' ।੧੧੯।

ਜੁਗਾਂ ਜੁਗਾਂ ਤੋਂ ਜੋ ਮਾਨੁਖ ਦੀਆਂ ਸਧਰਾਂ ਨਾ ਬਰ ਆਈਆਂ
ਥਾਂ ਪਰ-ਥਾਂ ਕਮਲ ਫੁਲ ਬਣ ਕੇ, ਲਗਰੀਂ ਉਹ ਮੁਸਕਾਈਆਂ
ਭਲਾ ਜਿ ਕਿਸੇ ਤਰ੍ਹਾਂ ਤੂੰ ਪਿਆਰੈਂ, ਹੇ ਅਣ-ਆਦੀ ਸ਼ਕਤੀ :
ਪੁਸ਼ਪ-ਜੋਤ ਨੇ ਆਪੇ ਇਕ ਦਿਨ, ਇਹ ਰਮਜ਼ਾਂ ਸਮਝਾਈਆਂ ।੧੨੦।

ਖੇਤਾਂ ਦੇ ਤਿਲ ਮਸਤੇ, ਕਹਿੰਦੇ—"ਆ ਗਏ ਸਾਨੂੰ ਫੁੱਲ ਓ
ਕੱਲ੍ਹ ਸਾਂ ਅਸੀਂ ਨਿਤਾਣੇ ਜੇਹੇ, ਕੌਣ ਸਾਡੇ ਅੱਜ ਤੁੱਲ ਓ ?"
ਬੋਲੀ ਧਰਤ—"ਨ ਮਾਣ ਗੁਆਚੇ, ਜੇ ਬਰਸਾਤ ਨ ਹੁੰਦੀ :
ਸੜ ਬਲ ਜਾਣਾ ਸੀ, ਬਦਬਖ਼ਤੋ ! ਰਹਿਮਤ ਨੂੰ ਰਹੇ ਭੁੱਲ ਓ ।" ।੧੨੧।

ਕਹਿੰਦੇ ਸਾਂ, ਪੱਥਰ ਕਿੰਜ ਢਲਦੇ, ਇਸ ਨੇ ਢਾਲ ਵਖਾਇਆ
ਪਾਣੀ ਵਾਂਗ ਤਰਲ ਹੈ ਕੀਤਾ, ਪੁਣ ਪੁਣ ਕੇ ਪਤਲਾਇਆ
ਹੁਣ ਬੇ-ਰੜਕ ਕੈਦ ਹਾਂ ਹੋਏ ਉਸ ਦੀਆਂ ਨਜ਼ਰਾਂ ਅੰਦਰ :
ਵਾਹ ਪਿਆਰਾ ! ਤੂੰ ਸਰਬ ਸ਼ਕਤੀਆ, ਆਪ ਅਸਾਂ ਅਜ਼ਮਾਇਆ ।੧੨੨।

ਦੂਰ ਪਰੇ, ਗਗਨਾਂ ਦੀ ਹੱਦੀ, ਬੱਦਲ ਧੂੰਆਂ ਧਾਰ
ਵਿਚਦੀ ਖੰਭ ਖਿਲਾਰੀ ਜਾਵੇ, ਕੂੰਜਾ ਦੀ ਇਕ ਡਾਰ
ਕੀ ਹੋਵੇ, ਜੇ ਸੱਧਰਾਂ ਮੇਰੀਆਂ ਚਿੱਟੇ ਖੰਭੀਂ ਬਹਿ ਕੇ :
ਜਾ ਪਹੁੰਚਣ ਜਿੱਥੇ ਤੂੰ ਹੋਵੇਂ, ਲੈ ਕੇ ਮੇਰਾ ਪਿਆਰ । ੧੨੩ ।

ਤੇਰੀ ਅੱਖ-ਉਘੜ ਚੋਂ, ਜਾਗੇ ਸੋਨ-ਸਵੇਰ
ਨੈਣ ਮੁੰਦ ਜਦ ਪੈ ਜਾਇੰ, ਹੋਵਣ ਧੁੰਧ-ਹਨੇਰ
ਤਦ ਤਕ ਦੁਨੀਆਂ ਜਾਗਦੀ, ਜਦ ਤਕ ਤੇਰੀ ਜਾਗ :
ਤੇਰੇ ਬਿਨਾਂ ਜਹਾਨ ਨੂੰ ਮਹਾਂ ਸੁੰਨ ਲਊ ਘੇਰ ।.੧੨੪ ।



Namdhari Elibrary NamdhariElibrary@gmail.com

ਸਤ, ਚਿਤ, ਸੁੰਦਰ ਕੌਣ ਹੈ, ਤੇਰੇ ਬਿਨ ਕੋਈ ਹੋਰ :
ਤੇਰੀ ਛਟਾ ਅਨੁਭਵੀਂ, ਯਾਦ ਕਰਾਂ ਰਸ-ਭੋਰ
ਮਹਿਕ, ਸੰਗੀਤ, ਸਾਹਿਤ, ਚਿਤ੍ਰ, ਤੇਰਾ ਹੀ ਪ੍ਰਗਟਾਉ :
ਕੈਸਾ ਹਾਂ ਵਡਭਾਗੜਾ, ਤੂੰ ਜਿਸ ਦਾ ਚਿਤ-ਚੋਰ । ੧੨੫ ।

ਨਿਰਮਲ ਨਦੀ, ਗੁਲਾਬ ਜਲ, ਧਰਤੀ ਸ੍ਵਰਨ-ਮਈ
ਪਲੇ ਦਿਨ੍ਹਾਂ ਤੇ ਸੁਧਾ-ਪੁਸ਼ਪ, ਛਬ ਦੇ, ਨਿੱਤ ਨਈ
ਤੋੜਾਂ ਊਸ਼ਾ ਕਿਰਨ ਸੰਗ, ਭੇਟਾ ਧਰਨ ਲਈ :
ਸੁੰਘੇਂ ਜਦ ਤੂੰ ਸੁਹਣਿਆਂ ਔਣ ਸੁਗੰਧਾਂ ਕਈ । ੧੨੬ ।



Namdhari Elibrary NamdhariElibrary@gmail com

ਫੁੱਲ ਗੁਲਾਬਾਂ ਨੇ ਕੀ ਖਿੜਣਾ, ਕਲੀਆਂ ਕੀ ਮੁਸਕਾਣਾ
ਕੀ ਸਰਘੀ ਦਾ ਹੁਸਨ ਅਣੋਖਾ, ਕੀ ਕੋਇਲਾਂ ਦਾ ਗਾਣਾ
ਨਦੀਆ ਦੀ ਕੀ ਚਾਲ ਮਟਕਵੀਂ, ਪਰਬਤ ਦੀ ਕੀ ਦ੍ਰਿੜ੍ਹਤਾ :
ਇਕੋ ਤੈਨੂੰ ਤੱਕ ਲੈ, ਜਿਸ ਨੇ, ਪਰਮ ਅਨੰਦ ਹੈ ਪਾਣਾ । ੧੨੭ ।

ਓ ਧਰਤੀ ਦੀਓ ਉੱਚ ਸ਼ਕਤੀਓ ! ਜੋ, ਨਾ ਰੱਖੋਂ ਜੀਵਨ
ਜੀਵੰਦਿਓ ਤੇ ਆਉਣ ਵਾਲਿਓ ! ਨਿਕਿੜਿਓ ਅਤੇ ਮਹੀਵਨ !
ਇਕ ਤਰਲਾ ਜੇ, ਪਿਆਰ ਮੇਰਾ ਇਹ, ਕਦੇ ਨ ਜ਼ਖ਼ਮੀ ਹੋਵੇ :
ਚਰਨਾਂ ਵਿਚ ਹੀ ਘੁਲ ਮਿਲ ਜਾਵਾਂ, ਜੇ ਸੱਧਰਾਂ ਪੁੱਜ ਥੀਵਨ । ੧੨੮ ।

Namdhari Elibrary NamdhariElibrary@gmail com

ਬਾਤੜੀਆਂ ਪਿਆਰੇ ਦੀਆਂ ਭਲੀਆਂ, ਕਰ-ਕਰ ਸਮਾਂ ਲੰਘਾਇਆ
ਇਉਂ ਲੱਗਾ, ਜਿਉਂ ਅੰਦਰੋਂ ਹੀ ਕੋਈ, ਅੰਮ੍ਰਿਤ-ਕੁੰਡ ਥਿਆਇਆ
ਖੋਹ ਨ ਉਠੀ, ਤੜਪ ਨ ਤਾਇਆ, ਠੰਢ ਜੇਹੀ ਕੋਈ ਪੈ ਗਈ :
ਯਾਦ ਤੇਰੀ ਹੀ ਸਖੀ ਬਣ ਗਈ, ਜਿਸ ਨੇ ਦਰਦ ਵੰਡਾਇਆ । ੧੨੯ ।

ਅਥਰੋਂ ਮੋਤੀ ਕਿਰਨ ਕਿ ਜਾਂ ਇਹ ਪਲਮਣ ਪਏ ਸਿਤਾਰੇ
ਜਾਂ ਫਿਰ ਬਾਗ਼ ਬਹਿੱਸ਼ਤੀਂ ਮੂਧਾ, ਚੰਬਾ ਪਿਆ ਖਿਲਾਰੇ
ਜਾਂ ਉਦਾਸ ਹਨ ਸਵਰਗੀ ਰੂਹਾਂ, ਮਾਤ ਲੋਕ ਲਈ ਰੋਵਣ :
ਮੀਂਹ ਬਰਸੇ ਜਾਂ ਤੂੰ ਪਿਆ ਬਰਸੇਂ, ਮੇਰੇ ਪ੍ਰੀਤਮ ਪਿਆਰੇ । ੧੩੦ ।



Namdhari Elibrary NamdhariElibrary@gmail com

ਕੀ ਪਰਕਾਸ਼ ਤੇਰੇ ਤੋਂ ਵਾਧੂ, ਜੋ ਰੱਬ ਵਿਚੋਂ ਲੱਭਣਾ
ਜਿਉਂਦਾ ਛੱਡ ਅਣਹੋਇਆਂ ਪਿੱਛੇ, ਮੈਂ ਕਾਹਨੂੰ ਹੈ ਖਪਣਾ
ਫਿਰੇਂ, ਫਿਰਾਵੇਂ, ਪਿਆਰੇਂ, ਮਾਰੇਂ, ਜੀਵਾਲੇਂ ਦੇ ਦਰਸ਼ਨ :
ਕੀ ਲੈਣਾ ਉਸ ਅੰਬਰੀ ਰੱਬ ਤੋਂ, ਜੋ ਚਾਹਤ ਹੈ ਸਭਣਾ । ੧੩੧ ।

ਕਾਮ-ਕ੍ਰੋਧ ਖੰਭ ਚਮਗਿੱਦੜ ਦੇ, ਪੁੱਠਾ ਨੇ ਲਟਕਾਂਦੇ
ਪਿਆਰ-ਨਿਮਰਤਾ ਦੈਵੀ ਪਰ ਨੇ, ਆਕਾਸ਼ੀਂ ਪਹੁੰਚਾਂਦੇ
ਤੂੰ ਆਕਾਸ਼ੀ ਨੂਰ ਸੁਹਣਿਆਂ, ਦੈਵੀ ਪਰਾਂ ਸਹਾਰੇ :
ਸਾਡੇ ਤੇ ਵੀ ਤਰਸ ਪਇਓ ਈ, ਗਗਨੀਂ ਉੱਡਦੇ ਜਾਂਦੇ । ੧੩੨ ।



Namdhari Elibrary NamdhariElibrary@gmail.com

ਆ ਸੱਜਣਾ, ਤੇਰੀ ਭੇਟ ਚੜ੍ਹਾਵਾਂ, ਨਵਾਂ ਨਵੇਲਾ ਬਾਣਾ
ਜਿਸ ਵਿਚ ਰਮਜ਼ਾਂ ਦੇ ਨੇ ਧਾਗੇ ਤੇ ਖ਼ਿਆਲਾਂ ਦਾ ਤਾਣਾ
ਯਾਦ ਤੇਰੀ ਦੀ ਖੱਡੀ ਬਹਿ ਕੇ, ਮਨ-ਮਸਤਕ ਸੰਗ ਉਣਿਆ :
ਕਲਮ-ਕਾਗ਼ਜ਼ ਸੰਗ ਕਟ ਕਟ ਸੀਵਾਂ, ਇਹ ਨਾ ਥੀਏ ਪੁਰਾਣਾ । ੧੩੩ ।

ਇਉਂ ਜਾਪੇ, ਜਿਉਂ ਪੁਸ਼ਪ-ਤਾਰੇਟੇ, ਅੱਜ-ਆਕਾਸ਼ੋਂ ਆਂਦੇ
ਮੇਰੇ ਤੀਕ ਪਹੁੰਚਦੇ, ਸੂਖਮ ਕਵਿਤਾ ਬਣ ਬਣ ਜਾਂਦੇ
ਨਿਰਮਲ ਧਾਰ ਵਹੇ ਕਵਿਤਾ ਦੀ, ਅੱਜ ਮਨ-ਮਸਤਕ ਥਾਣੀ :
ਧਰ ਪਿਆਰੇ ਦੇ ਪਿਆਰ ਬਿਨਾਂ, ਇਹ ਹੋਰ ਨਹੀਂ ਦਰਸਾਂਦੇ । ੧੩੪ ।



Namdhari Elibrary NamdhariElibrary@gmail com

-ਕੀ ਮੈਂ ਤੁੱਛ, ਨਿਗੂਣਾ ਬੰਦਾ, ਜਿਸ ਨੂੰ ਤੂੰ ਵਡਿਆਇਆ
ਫਰਸ਼ੋਂ ਚੁੱਕ ਅਰਸ਼ ਤੇ ਧਰਿਆ, ਉੱਚਾ ਮਾਣ ਦਿਵਾਇਆ
ਅੱਜ ਮੈਂ ਗਗਨ ਪਾਤਾਲੀਂ ਘੁੰਮਾਂ ਤੇ ਬ੍ਰਹਿਮੰਡ ਗਾਹ ਮਾਰਾਂ :
ਤੂੰ ਕਿਧਰੇ ਪਰ ਨਜ਼ਰ ਨ ਆਵੇਂ—ਜੋ-ਕਣ ਕਣ ਵਿਚ ਸਮਾਇਆ। ੧੩੫।

ਨਾ ਗੁਲਾਬ ਨਾ, ਵੇਖ ਨ ਮੈਨੂੰ, ਜੀ ਨੂੰ ਕੁਝ ਕੁਝ ਹੋਵੇ
ਤੇਰੇ ਵਾਂਗ ਜੁ ਸਾਹਵੇਂ ਮੇਰੇ, ਹੱਸ ਹੱਸ ਆਣ ਖਲੋਵੇ
ਅੱਜ ਉਹ ਤੇ ਮੈਂ ਲੱਖੀਂ ਕੋਹੀਂ, ਤੂੰ ਇਕ ਟਿੱਚਰ ਜਾਪੇਂ :
ਦੁਖੀਆਂ ਨੂੰ ਜੋ ਜਾਣ ਦੁਖਾਵੇ, ਪਛਤਾਵੇ ਤੇ ਰੋਵੇ। ੧੩੬।



Namdhari Elibrary NamdhariElibrary@gmail.com

ਵਾਏ ! ਨਾ ਵਗ, ਬੱਦਲਾ ! ਨਾ ਵਰ੍ਹ, ਬੁਲਬੁਲ ਨੀ ! ਨਾ ਬੋਲ
ਮੋਰਾ ! ਨਾ ਨੱਚ, ਸ਼ੇਰਾ ! ਨਾ ਮਚ, ਨਾ ਕਰ ਹੰਸ ! ਕਲੋਲ
ਮੈਂ ਦੁਖਿਆਰੀ ਅਤੀ ਬੇਚਾਰੀ ਤੜਪਾਂ ਸਾਜਣ ਦੇ ਲਈ :
ਸਾਰੇ ਤੁਸੀਂ ਸੁਖਾਦੇ, ਜੀਵੇ ! ਜੇ ਪ੍ਰੀਤਮ ਹੋਇ ਕੋਲ । ੧੩੭ ।

ਓ ਵਿਹੜੇ ਦੇ ਕਿਣਕਿਓ ! ਤੁਸੀਂ ਹੀ ਬੋਲ ਪਓ
ਰੇਸ਼ਮ ਚਰਨਾਂ ਵਾਲੜੇ ਦੀ ਕੁਛ ਬਾਤ ਕਹੋ
ਤੁਸੀਂ ਖ਼ੂਬ ਹੋ ਜਾਣਦੇ ਉਸ ਦਾ ਤਰਸ, ਦਇਆ :
ਤੁਰਦਾ ਕਿਹਾ ਮਲੂਕੜਾ ਜਿਉਂ ਫੁਲੋਂ ਖ਼ੁਸ਼ਬੋ । ੧੩੮ ।



Namdhari Elibrary NamdhariElibrary@gmail com

'ਆਹਾ ! ਕਿੰਨਾ ਸੁਖ ਹੈ ਆਇਆ, ਤੇਰਾ ਚੇਤਾ ਕਰ ਕੇ
ਕਈ ਵੇਰਾਂ ਚੇਤਾ ਦੁੱਖ ਦੇਵੇ, ਸੁਖ ਚਾਹਵਾਂ ਤਦ ਮਰ ਕੇ
ਇਕੋ ਯਾਦ ਵਿਚ ਇਹ ਕੀ ਏ ? ਜੇਕਰ ਚੰਦ ਦੁਰੰਗਾ :
'ਆਵੇਂਗਾ ਤਾਂ ਪੁੱਛ ਲਵਾਂਗਾ ਚਰਨਾਂ ਤੇ ਸਿਰ ਧਰ ਕੇ । ੧੩੯ ।

•

ਮੈਂ ਤੇਰੇ ਪਿਆਰੀਂ ਪਿਆ, ਲੈ ਵਿਪਲਵ ਦਾ ਰਾਹ
ਦੁਨੀਆਂ ਧਨ ਦੇ ਢੇਰ ਹੇਠ, ਚਿਰ ਤੋਂ ਰਹੀ ਕਰਾਹ
ਆ ਮੇਰੇ ਸੰਗ ਸੁਹਣਿਆਂ, ਸ਼ਕਤੀ ਨੂੰ ਹੱਥ ਲੈ :
ਜੁਗ ਮਿਹਨਤ ਦਾ ਸਾਜੀਏ ਲਦੀਏ ਧਰਤ ਸਜਾ । ੧੪੦ ।



Namdhari Elibrary NamdhariElibrary@gmail com

ਗੁੜ, ਸ਼ੱਕਰ, ਖੰਡ ਮਿੱਠੜੇ, ਮਿਸ਼ਰੀ, ਸ਼ਹਿਦ ਮੰਹਾਨ
ਦੁਧ, ਅੰਮ੍ਰਿਤ, ਰਸ ਗਰਜ਼ ਦਾ, ਭੁਲਦਾ ਵੇਖੇ ਆਨ
ਜਦੋਂ ਗੁਲਾਬੀ ਬੁਲ੍ਹ ਇਹ, ਧੀਮੇ ਬੋਲਣ ਬੋਲ :
ਵਿਸ਼ਵ ਵਿੱਚ ਮਿੱਠਤ ਘੁਲੇ, ਓ ਸਵਰਗੀ ਮਹਿਮਾਨ । ੧੪੧ ।

ਜੇਕਰ ਚਸ਼ਮੇ ਨੀਰ ਦੇ, ਵਗੀ ਜਾਣ ਇਕ ਸਾਰ
ਤੇ ਝਰਨੇ ਨਿੱਤ ਝਰ ਰਹੇ, ਅਨ ਹਦ ਤੇ ਇਕ ਤਾਰ
ਏਸੇ ਤਰ੍ਹਾਂ ਪਿਆਰ ਦੀ, ਅਪਣੇ ਅੰਦਰੋਂ ਤੋਰ :
ਸਜਣਾ ! ਰਹੇ ਸਲਾਮਤੀ ਮੰਟਕ ਹੁਲਾਰੇ ਮਾਰ । ੧੪੨ ।



Namdhari Elibrary NamdhariElibrary@gmail com

ਗੂੰਜ ! ਮੇਰੇ ਹਿਰਦੇ ਦੀ ਵੀਣਾ, ਪਹੁੰਚੇ ਗੁਰ ਚਰਨੀ ਝਣਕਾਰ
ਦੁਖ-ਸੁਖ, ਰਾਗ-ਦ੍ਵੈਸ਼, ਮੋਹ-ਮਤਸਰ, ਵਹਿਣ ਏਸ ਸ੍ਵਰ ਦੀ ਗੰਗ-ਧਾਰ
ਸੁਧ, ਮਾਨਸਰ ਵਾਂਗ ਆਤਮਾ, ਪੁਲਕਿਤ ਹੋਇ, ਲੈ ਸਤਿਗੁਰ-ਪ੍ਰੇਮ :
ਨਾ ਸੁਣ ਲੋਕਨ ਕੀ ਬੈਰਾਈ, ਉਪਮਾਂ ਤੇ ਬੈਸੰਤਰ ਡਾਰ । ੧੪੩ ।

ਫੇਰ ਤੇਰੀ ਯਾਦਾਂ ਦੀ ਖਿੜ ਪਈ, ਅੱਜ, ਅੰਦਰ ਫੁਲਵਾੜੀ
ਫੇਰ ਦਿਲੇ ਨੂੰ ਕੁਫ-ਕੁਫ ਹੋਵੇ, ਫੇਰ ਮਘੀ ਚੰਗਿਆੜੀ
ਫੇਰ ਸਮੇਂ ਨੂੰ ਰੋਕ ਲਗ ਗਈ, ਮਨ ਤੇਰੇ ਵਿਚ ਖੁਭਿਆ :
ਪਿਆਰਾਂ ਦੇ ਸਿਰਤਾਜ ਸਤਿਗੁਰੂ ! ਵੱਸੀ ਫੇਰ, ਉਜਾੜ-ਦੀ । ੧੪੪ ।



Namdhari Elibrary NamdhariElibrary@gmail.com

ਨਾ ਭੁੱਲ ! ਤੈਨੂੰ ਭੁਲਿਆਂ, ਮੇਰਾ ਮਰਨ, ਜੀਵਨੋ ਹੋਵੇ
ਦੂਰ ਨ ਹੋ, ਤੇਰੇ ਬਿਨ ਮੇਰਾ, ਅੰਦਰਲਾ ਨਿੱਤ ਰੋਵੇ
ਹਿਰਦੇ ਵਿਚ ਜੇ ਤੂੰ ਹੀ ਵੱਸੇਂ, ਤਾਂ ਜਗ ਵਸਦਾ ਜਾਪੇ :
ਦੇਹ ਸੁਮੱਤ ਸਤਿਗੁਰੂ ਮੇਰੇ, ਮਨ ਦੀ ਭਟਕ ਖਲੋਵੇ । ੧੪੫ ।

ਖੁਸ਼ ਹੋ ਤੱਕੇਂ, ਜੀਵਨ ਬਰਸੇ, ਇਸ ਦਰਸ਼ਨ ਦੀ ਆਸ਼ਾ
ਪਿਆਰੇ ਬੋਲ ਸੁਣਦਿਆਂ ਤੇਰੇ, ਉਠਾਂ, ਛੋੜ ਨਿਰਾਸ਼ਾ
ਛੁਹੇਂ ਜਿ ਪਿਆਰ ਕਰਦਿਆਂ ਮੈਨੂੰ, ਮੈਂ ਵਿਸਮਾਦ ਗੁਆਚਾਂ :
ਏਹੋ ਹੈ ਇਕ ਚਾਹ ਕਿ ਸਮਝਾਂ ਤੇਰੇ ਪਿਆਰ ਦੀ ਭਾਸ਼ਾ । ੧੪੬ ।



Namdhari Elibrary NamdhariElibrary@gmail.com

ਦੂਰ-ਹੁੰਦਿਆਂ ਵੀ-ਰਖ ਨੇੜੇ, ਇਹ ਮੇਰੀ ਅਰਜੋਈ
ਸੁਰਤ ਰਹੇ ਤੇਰੇ ਵਿਚ ਗੱਡੀ, ਤੋੜ ਨ ਸੱਕੇ ਕੋਈ
ਤੇਰਾ ਧਿਆਨ, ਜਿਉਣ ਦਾ ਤੋਸਾ; ਇਸ ਵਿਚ ਥੋੜ੍ਹ ਨ ਆਵੇ :
ਸਤਿਗੁਰ ਮੇਰੇ, ਸਦਾ ਸੁਹਾਗਣ ਤੇਰੇ ਸੰਗ ਕਰ ਹੋਈ । ੧੪੭ ।

ਮੈਨੂੰ ਨਹੀਂ ਪਰਵਾਹ ਕਿ ਲੋਕੀਂ ਕਰਨ ਕੈਸੀਆਂ ਗੱਲਾਂ
ਤੇਰੇ ਪਿਆਰ ਸਮੁੰਦਰ ਦੀਆਂ, ਨਿਤ ਨਿਤ ਖਾਵਾਂ ਛੱਲਾਂ
ਮੇਰੇ ਲਈ ਤਾਂ ਪ੍ਰੇਮ ਪ੍ਰਭੂ ਹੈ, ਤੂੰ ਹੀ ਭੇਤ ਸੁਝਾਇਆ :
ਕੀ ਚਿੰਤਾ ਜੇ ਮਾਰ ਪਿਆਰ ਦੀ ਰਾਤ ਦਿਨੇ ਮੈਂ ਝੱਲਾਂ । ੧੪੮ ।



Namdhari Elibrary NamdhariElibrary@gmail.com

ਤਾਰੇ ਦੂਰ ਸੂਰਜੋਂ ਕਿਤਨੇ, ਬੀਜ ਪ੍ਰਿਥਵੀਉਂ ਕਿੰਨੀ ਦੂਰ
ਚਾਨਣ, ਨਿੱਘ ਦੋਹਾਂ ਨੂੰ ਮਿਲਦਾ, ਰਹਿੰਦੇ ਆਪੇ ਵਿਚ ਭਰਪੂਰ
ਸਮਾ ਪੁਜਣ ਤੇ ਚਾਨਣ ਪਸਰੇ, ਵੰਰਖਾ ਤੋਂ ਧਰਤੀ ਮਸਤੀਵੇ :
ਦੂਰ ਲੁਕੇ ਪਲ ਵਿਚ ਪ੍ਰਗਟਾਂਦੇ, ਔਣ ਓਸ ਦੇ ਚਰਨ ਹਜ਼ੂਰ । ੧੪੯ ।

ਕਹਿੰਦਾ ਸੈਂ ਤੂੰ, ਪਿਆਰ ਜਗਤ ਦਾ, ਝੂਠਾ, ਕੋੜਾ, ਕੱਚਾ
ਇਕੋ ਪਿਆਰ ਪ੍ਰਭੂ ਦਾ ਮਿੱਠਾ; ਪੂਰਨ, ਸੁਖਦਾ, ਸੱਚਾ
ਪਰ ਇਹ ਪ੍ਰਭੂ ਤੇਰੇ ਤੋਂ ਬਾਹਰਾ ਹਿਰ ਜਿਕੋਈ ਟੋਲੋ :
ਦੁਖੀ, ਭਟਕਦਾ ਫਿਰਾਂ; ਗੁਆਚਾ ਜਿਉਂ ਜੰਗਲ ਵਿਚ ਬੱਚਾ । ੧੫੦ ।



Namdhari Elibrary NamdhariElibrary@gmail.com

ਰਹਾਂ ਚਿਤਵਦਾ ਤੈਨੂੰ ਹੀ, ਜਦ ਮਹਾਂ ਅਨੰਦ ਵਿਚ ਆਵਾ
ਕੁੱਲ ਵਿਵਾਦ, ਮੁਸ਼ਕਲਾ ਭੁਲ ਕੇ, ਤੇਰੇ ਵਿਚ ਖੋ ਜਾਵਾਂ
ਤੇਰੀ-ਮਹਾਂ ਵਿਰਾਟ ਸ਼ਕਤੀ ਦਾ, ਜਦ ਮਿਲਦਾ ਝਲਕਾਰਾ :
ਹਉਮੈ ਰਹਿਤ, ਸਨਿੰਮਰ-ਹੋਕੇ, ਲਗ ਚਰਨੀਂ ਸੁਖ ਪਾਵਾਂ । ੧੫੧ ।

ਰੰਗ ਤਮਾਸ਼ੇ ਕੁੱਲ ਦੁਨੀਆਂ ਦੇ, ਤੇਰੇ ਹੀ ਹਨ ਪਿਆਰੇ
ਚੰਗੇ ਮੰਦੇ ਹਰ ਇਕ ਵਿੱਚੋਂ, ਤੇਰੇ ਮਿਲਣ ਨਜ਼ਾਰੇ
ਕਿਸ ਨੂੰ ਨਿੰਦਾਂ ? ਕਿਨੂੰ ਸਲਾਹਾਂ ? ਨਿੰਦਾ, ਉਸਤਤ ਤੇਰੀ :
ਨਿੰਦਾ ਛੱਡ ਮੈਂ ਪਿਆ ਸਲਾਹਾਂ-ਜਦ-ਤੇਰੇ ਹਨ ਸਾਰੇ । ੧੫੨ ।



Namdhari Elibrary NamdhariElibrary@gmail.com

ਤੇਰੀ ਭਗਤੀ-ਤੇਰਾ ਸਿਮਰਨ ਜਾਂ ਮਾਲਾ ਦੇ ਮਣਕੇ ?
ਹਉਂ ਦੀ ਮਾਲਾ ਫੇਰ ਫੇਰ ਕੇ, ਲੱਖਾਂ ਖਾਲੀ ਛਣਕੇ
ਜੀ ਕਰਦੈ ਮਨ ਦੇ ਮਣਕੇ ਨੂੰ ਵਿੱਚ ਰਜ਼ਾ ਦੇ ਫੇਰਾਂ :
ਭਲੇ ਬੁਰੇ ਦੀ ਚਿੰਤਾ ਛੱਡਕੇ, ਸਿੱਧਾ ਤੁਰਕੇ, ਤਣ ਕੇ । ੧੫੩ ।

ਤੂੰ ਹੈਂ ਦੂਰ, ਦੁਰਾਡਾ ਬਹੁਤਾ, ਸਣਦਾ ਹਾਂ ਕਨਸੋਆਂ
ਪਲ ਪਲ ਚਿਤਵ ਚਿਤਵ ਕੇ ਤੈਨੂੰ, ਮਹਿਸੂਸਾਂ ਖੁਸ਼ਬੋਆਂ
ਧਿਆਨ ਦਾ ਪਾਣੀ ਪਾ ਪਾ ਸਿੰਜਾਂ, ਪਿਆਰ-ਨਿਸ਼ਾਨੀ-ਬੂਟਾ :
'ਫੁਲੇ ਫਲੇ ਸਦਾ ਸੁਖ ਦੇਵੇ' ਸੋਚ ਸੋਚ ਖੁਸ਼ ਹੋਵਾਂ । ੧੫੪ ।



Namdhari Elibrary NamdhariElibrary@gmail.com

ਦੁਨੀਆਂ ਦੇ ਝੁਰਮਟ ਵਿਚ ਫਿਰਦਾਂ, ਫਿਰ ਵੀ ਕੱਲਾ ਕੱਲਾ
ਤੇਰੇ ਤੋਂ ਬਿਨ ਸਭ ਕੁਝ ਸੁੰਞਾ, ਅੰਦਰ ਝੱਲਾ ਝੱਲਾ
ਮਨ ਦੀ ਪੀੜ ਲੁਕਾ ਕੇ ਰੱਖਾਂ, ਮਾਲ ਜਿਵੇਂ ਚੋਰੀ ਦਾ :
ਯਾਦ ਤੇਰੀ ਵਿਚ ਰਹਾਂ ਗੁਆਚਾ, ਕਰਦਾ ਅੱਲਾ ਅੱਲਾ ।੧੫੫।

ਹਿਰਦੇ ਵਿਚ ਹਿਰਦਾ ਹੈ ਧਰਿਆ, ਮੈਂ ਹਾਂ ਖ਼ਾਲੀ ਖ਼ਾਲੀ
ਢੂੰਡੇ, ਜਿਵੇਂ ਪਰਾਹੁਣੇ ਅੱਗੇ ਆ ਜਾਏ ਖ਼ਾਲੀ ਥਾਲੀ
ਪਲ ਪਲ ਜੁਗੜਾਂ ਬਣ ਬਣ ਲੰਘੇ, ਦਿਲ ਦਾ ਦਰਦ ਲੁਕਾ ਕੇ :
ਵਿਚ ਹਾਣੀਆਂ ਬਹਿੰਦਾ ਹਾਂ ਮੈਂ ਬਣ ਕੇ ਸਦਾ ਸਵਾਲੀ ।੧੫੬।



Namdhari Elibrary NamdhariElibrary@gmail.com

ਚਸ਼ਮੇ ਨੂੰ ਕੀਕਰ ਬੰਨ੍ਹ ਲੱਗੇ, ਰੋਕੇ ਕੌਣ ਤੂਫ਼ਾਨ ?
ਕੌਣ ਨੀਂਦ ਵਿਚ ਸੁਪਨੇ ਡੱਕੇ, ਕੈਦੇ ਕੌਣ ਧਿਆਨ ?
ਦੂਰ ਰਹੋਂ, ਚਾਹੇ ਰਹੁ ਨੇੜੇ, ਇਹ ਨੇ ਤਨ ਦੀਆਂ ਗੱਲਾਂ :
ਮਨ ਮੇਰਾ ਤਾਂ, ਪਿਆਰੇ ਮੇਰੇ, ਤੇਰੇ ਵਿਚ ਗ਼ਲਤਾਨ । ੧੫੭ ।

ਪ੍ਰਿਯ ਜੀ, ਤੇਰੇ ਵਿਛੋੜੇ ਅੰਦਰ, ਦੂਭਰ ਹੋ ਗਿਆ ਜੀਣਾ
ਜਿਉਂ ਅੰਮ੍ਰਿਤ ਦੇ ਆਸ਼ਕ ਨੂੰ, ਪਏ ਜ਼ਹਿਰ ਪਿਆਲਾ ਪੀਣਾ
ਤੇਰੇ ਬਾਝ ਜਗਤ ਦੇ ਸੁਖ ਤੇ, ਧੁੰਧ ਦੁਖਾਵੀਂ ਛਾਈ :
ਰੂਹ-ਪੰਛੀ ਨੂੰ ਚੁਗਣ ਲਈ ਹੁਣ, ਮਿਲਿਆ ਗ਼ਮ ਦਾ ਚੋਗਾ । ੧੫੮ ।



Namdhari Elibrary NamdhariElibrary@gmail com

ਝਿਲਮਿਲ ਝਲਕੇ ਦੂਰ ਸਿਤਾਰਾ, ਮੈਨੂੰ ਸੈਨੀਆਂ ਮਾਰੇ
ਕਦੇ ਕਦੇ ਇੰਜ ਹੋ ਹੀ ਜਾਂਦੈ, ਨਾ ਘਬਰਾ ਪਿਆਰੇ !
ਤਨ ਤਾਂ ਦੂਰ ਹੋਣ ਲੱਖ ਵਾਰੀਂ, ਮਨ ਨਾ ਵਿੱਥਾਂ ਰੱਖਣ :
ਫਿਰ ਇਹ ਕਿਰਨਾਂ ਰਹਿਣ ਸਾਥੀਆਂ, ਰੂਹ ਦੇ ਮਿਲਣ ਨਜ਼ਾਰੇ । ੧੫੯ ।

ਘੁੱਪ ਹਨੇਰੀ ਰਾਤੀਂ ਪਾਂਧੀ, ਜੇਕਰ ਰਾਹ ਭੁੱਲ ਜਾਵੇ
ਕਿਤੇ ਕੋਈ ਹੱਸਦਾ ਪਿਆ ਦੀਪਕ, ਜੇਕਰ ਉਨ੍ਹੂੰ ਬੁਲਾਵੇ
ਤਿਵੇਂ ਦੂਰ ਸਾਜਣ ਦੀ ਦ੍ਰਿਸ਼ਟੀ ਆਸ ਕਿਰਨ ਲਿਸ਼ਕਾਂਦੀ :
ਤਕੜਾ ਹੋ ਕੇ ਤੁਰੀ ਜਾਹ ਤੂੰ, ਇਕ ਦਿਨ ਮੰਜ਼ਿਲ ਆਵੇ । ੧੬੦ ।



Namdhari Elibrary NamdhariElibrary@gmail.com

ਧਰਮ ਕਰਮ ਦੀ ਸਾਰ ਨ ਜਾਣਾ, ਜਾਣਾਂ ਬਖ਼ਸ਼ਸ਼ ਤੇਰੀ
ਖ਼ਤਮ ਕਰੇ ਅਗਨੀ ਦੇ ਕਣ ਜਿਉਂ ਪਾਪ ਕੁਕਰਮਾਂ ਢੇਰੀ
ਮੈਂ ਬਖ਼ਸ਼ਸ਼ ਲੈ ਮਾਣ ਨਾ ਕੀਤਾ, ਸਿਰ ਸੁੱਟ ਸਜਦੇ ਕਰਦਾਂ :
ਕੀ ਹੁੰਦਾ, ਜੇ ਤੂੰ ਨਾ ਸੁਣਦੋਂ, ਪਿਆਰੇ ! ਬਿਨਤੀ ਮੇਰੀ । ੧੬੧ ।

ਅਪਣਾ ਪਿਆਰ ਆਪ ਹੀ ਲਾਏ, ਆਪੇ ਦਏ ਵਿਛੋੜੇ
ਉਸ ਦੀਆਂ ਗੱਲਾਂ ਉਹ ਹੀ ਜਾਣੇਂ, ਭਲੇ-ਵਿਛੋੜੇ, ਜੋੜੇ
ਉਸ ਦੀ ਓਟ ਸਦਾ ਹੀ ਰਹਿੰਦੀ, ਇਸ ਵਿਚ ਨਹੀਂ ਕੋਈ ਸ਼ੰਕਾ :
ਕਬਹੂੰ ਜੀਅੜਾ ਊਭ ਚੜ੍ਹਤ ਹੈ, ਕਦੇ ਹਿਠੂੰ ਮੁੱਖ ਮੋੜੇ । ੧੬੨ ।



Namdhari Elibrary NamdhariElibrary@gmail.com

ਰੋਮ ਰੋਮ ਰਾਚੀ ਤੇਰੈ ਤੇ, ਤੂੰ ਸੁਖ-ਜੀਵਨ ਦਿੱਤਾ
ਅੱਠੇ ਪਹਿਰ ਨਜ਼ਰ ਵਿਚ ਰੱਖੇਂ, ਇਹ ਵਡਭਾਗ ਅਮਿੱਤਾ
ਸ਼ਹਿਦ ਚੁਫੇਰੇ ਧਰ ਦਿੱਤਾ ਈ, ਕੌੜਾਂ ਮੂਲ ਨ ਵਿਆਪਣ :
ਨਿਵਿਆਂ ਰਹਾਂ ਸ਼ੁਕਰ ਤੇਰੇ ਵਿਚ, ਪ੍ਰਿਯ ਸਤਿਗੁਰ, ਪ੍ਰਿਯ ਮਿੱਤਾ । ੧੯੩ ।

ਅੱਜ ਤੇਰੀਆਂ ਯਾਦਾਂ ਦੀ ਪਿਆਰੇ, ਖੁੱਲ੍ਹ ਗਈ ਫੇਰ ਪਟਾਰੀ
ਲੱਖਾਂ ਰੂਪ ਤੇਰੇ ਨੇ ਦਿੱਸੇ, ਕੈਸੀ ਕਰੇਂ ਅੱਯਾਰੀ
ਰੱਖੇਂ ਦੂਰ, ਰਹੇਂ ਪਰ ਨੇੜੇ, ਜਿਉਂ ਈਸ਼ੁਰ ਦੀ ਲੀਲ੍ਹਾ :
ਓਤਪੋਤ ਰਹਿ ਤੇਰੇ ਸੰਗ, ਮੈਂ ਮਾਣਾਂ ਦੁਨੀਆਂ ਸਾਰੀ । ੧੯੪ ।



Namdhari Elibrary NamdhariElibrary@gmail.com

ਜੇਕਰ ਨੀਰ ਵਗੇ ਬਿਆਸਾ ਦਾ, ਰੋ ਰੋ ਜਿੰਦ ਗੁਜ਼ਾਰੀ
ਇਕਰਾਰਾ ਦੇ ਕੰਢੇ ਖੁਰ ਖੁਰ, ਦੇ ਗਏ ਇਕ ਖੁਆਰੀ
ਤੂੰ ਮਹਾਨ, ਮੈਂ ਨੀਵੀਂ ਹੀ ਸਹੀ,ਕੀ ਵਡਿਆਈ ਤੇਰੀ :
ਜੀਉਂਦਾ ਜਿਵੇਂ ਕਬਰ ਵਿਚ ਤੜਪੇ, ਮੈਂ ਹਾਂ ਅਤੀ ਦੁਖਾਰੀ । ੧੬੫ ।

ਐਸਾ ਰੋਗ ਲਗਾਇਓ ਵੀ ਪ੍ਰੀਤਮ, ਨਾ ਮੋਵਾਂ ਨਾ ਜੀਵਾਂ
ਦੂਰ ਤੇਰੇ ਚਰਨਾਂ ਤੋਂ ਰਹਿੰਦੀ, ਜ਼ਹਿਰ ਪਿਆਲੇ ਪੀਵਾਂ
ਮੌਤ ਮਜਾਖਾਂ ਕਰ ਕਰ ਜਾਵੇ, ਤੜਪਾਂ ਪਾਰੇ ਵਾਂਗਰ :
ਤੇਰੀ ਮਿਹਰ ਉਡੀਕਾਂ ਬੈਠੀ, ਸਹਿੰਦੀ ਦੁੱਖ ਅ-ਸੀਵਾਂ । ੧੬੬ ।



Namdhari Elibrary NamdhariElibrary@gmail.com

ਨੈਣਾਂ ਨੂੰ ਡਾਢੀ ਭੁੱਖ ਲੱਗੀ, ਕਦ ਪ੍ਰਿਯ ਦਰਸ਼ਨ ਪਾਣ ?
ਕੰਨ ਸਹਿਕਦੇ ਉਨ ਬੋਲਾਂ ਲਈ, ਜੋ ਮੁਰਦੇ ਜੀਵਾਣ
ਛੁਹ ਲਈ ਤੜਪ ਤੜਪ ਤਨ ਪੈਂਦਾ, ਪਾਰਸ ਛੋਹ ਪਿਆਰੀ :
ਜਿਸ ਮਿਲਿਆਂ ਕੰਚਨ ਹੋ ਜਾਈਏ ਸਭ ਸੁਖ ਚਰਨੀਂ ਆਣ । ੧੯੭ ।

ਫੁੱਲਾਂ ਨਾਲ ਮੁਹੱਬਤ ਕਰ ਕੇ, ਮੈਂ ਨਹੀਂ ਪਾਪ ਕਮਾਇਆ
ਲੀਲ੍ਹਾਮਈ ਦੀ ਲੀਲ੍ਹਾ ਤਕ ਤਕ, ਰਹਿੰਦਾ ਹਾਂ ਨਸ਼ਿਆਇਆ
ਹਲਤ ਪਲਤ ਮੇਰੇ ਦਾ ਰਾਖਾ, ਆਪੇ ਹੀ ਉਹ ਹੈ ਵੇ :
ਕਿਉਂਕਿ ਉਸ ਤੋਂ ਬਿਨਾਂ ਨ ਕੋਈ, ਕਿਧਰੇ ਵੀ ਦਿਸ ਆਇਆ । ੧੯੮ ।



Namdhari Elibrary NamdhariElibrary@gmail.com

ਜਿਸ ਦਾ ਰਾਖਾ ਆਪ ਸੁਆਮੀ, ਕੌਣ, ਕਿਵੇਂ ਉਸ ਮਾਰੇ
ਮੌਤ ਉਹਦੇ ਰਾਹ ਛੱਡ ਛੱਡ ਤੁਰਦੀ, ਰਾਹ ਰੁਸ਼ਨਾਂਦੇ ਤਾਰੇ
ਪਤ ਮਤ ਗਤ ਦਾ ਪ੍ਰੀਤਮ ਜੇ ਕੋਈ ਆਪਣੇ ਰਿਦੇ ਵਸਾਏ :
ਲੱਖ ਤੂਫ਼ਾਨ ਸੁਖਾਵੇਂ ਲੰਘਣ, ਸਾਬਰ ਲਵੇ ਨਜ਼ਾਰੇ । ੧੬੯ ।

ਕਪੜੇ ਧੋ ਧੋ ਲੋਕੀਂ ਥੱਕਦੇ, ਜ਼ਹਿਰ ਉਬਾਲੇ ਵਿਰੋਧੀ
ਜਿਸ ਨੂੰ ਤੂੰ ਅਡੋਲਤਾ ਬਖ਼ਸ਼ੀ ਉਹ ਨ ਹੋਇ ਕਰੋਧੀ
ਤੂੰ ਸੁਮੱਤ ਜਿਨ੍ਹਾਂ ਨੂੰ ਦੇਵੇਂ, ਸੁਣ, ਤੱਕੇ, ਲੈਣ ਨਜ਼ਾਰੇ :
ਪਹਿਲਾਂ ਤੋਂ ਵੀ ਵੱਧ ਪਿਆਰੇ, ਲੈ ਕੇ ਆਪਣੀ ਗੋਦੀ । ੧੭੦ ।



Namdhari Elibrary NamdhariElibrary@gmail com

ਦੋਸਤ ਦੁਸ਼ਮਣ ਤੈਨੂੰ ਮਿਲਦੇ, ਸਭ ਨੂੰ ਜਾਣੇ, ਮੰਨੇ
ਅਪਣੇ ਦੇ ਅੰਦਰ ਹੱਥ ਰੱਖ ਕੇ  ਬਾਹਰੋਂ ਬਾਹਰੋਂ ਭੰਨੇ
ਚੱਕੀ ਦੀ ਕਿੱਲੀ ਦੇ ਵਾਂਗਰ 'ਦਾਣਾ' ਪਾਸ ਲੁਕਾ ਕੇ :
ਦੂਹਾਂ ਪੁੜਾਂ ਨੂੰ ਚੋਗੀਂ ਗੇੜੇਂ, ਦਾਣਾ ਮੂਲ ਨ ਭੰਨੇ । ੧੭੧ ।

ਸਭ ਸ਼ਬਦਾਂ ਵਿਚ ਸ਼ਬਦ ਏਸ ਦੇ, ਸਭ ਕਰਮਾਂ ਵਿਚ ਆਪੇ
ਸਭ ਧਰਮਾਂ ਵਿਚ ਇਸ ਦੀ ਪੂਜਾ, ਹਰ ਥਾਂ ਇਹੋ ਸਿਵਾਪੇ
ਊਚ-ਨੀਚ ਵਣ-ਤ੍ਰਿਣ ਨਦ-ਪਰਬਤ, ਕਣ-ਕਣ ਵਿਚ ਸਮਾਇਆ :
ਇਸ ਨੂੰ ਸਮਝ ਮੁਕਤ ਹੋ ਪ੍ਰਾਣੀ, ਮੁੱਕਣ ਕੁੱਲ ਸਿਆਪੇ । ੧੭੨ ।

ਸਭੇ ਪੁੰਨ ਭੇਟ ਨੇ ਤੇਰੀ, ਸਭੇ ਪਾਪ ਸਮਰਪਣ
ਕਰਮ ਦੁਹਕਰਮ ਤੇਰੇ ਚਰਨਾਂ ਵਿਚ ਦੁਖ ਸੁਖ ਤੈਨੂੰ ਅਰਪਣ
ਤੈਥੋਂ ਬਿਨ ਜਦ ਕੁਝ ਵੀ ਹੈ ਨਹੀਂ ਫਿਰ ਕਿਉਂ ਮੈਂ ਦੁਬਿਧਾਵਾਂ :
ਦੀਨ-ਦੁਨੀ ਤੇ ਜੀਵ-ਈਸ਼ ਦਾ ਤੂੰ ਹੀ ਤਾਂ ਹੈਂ ਦਰਪਣ । ੧੭੩ ।

ਪਰਮ ਪੁਨੀਤ ਪਰੇਰਕ ਦਰਸ਼ਨ, ਇਹ ਹਿਰਦੇ ਵੱਸ ਜਾਣ
ਕਲਹ, ਕਲੇਸ਼, ਕਸ਼ਟ ਦੁਨੀਆਂ ਦੇ, ਦਿਲ ਤੇ ਕਦੇ ਨ ਆਣ
ਹਰ ਵਿਚ ਪਾ ਇਸ ਦਾ ਝਲਕਾਰਾ, ਜੇਕਰ ਜਗ ਵਿਚ ਰਹੀਏ :
ਚਰਨਾਂ ਵਿਚ ਆ ਜਾਂਦੇ ਆਪੇ, ਭੁਗਤਿ, ਜੁਗਤਿ, ਕਲਿਆਣ । ੧੭੪ ।



Namdhari Elibrary NamdhariElibrary@gmail.com

ਇਹ ਮੁਸਕਾਣ ਜਿਦ੍ਹੇ ਤੇ ਪੈਂਦੀ, ਹਰਦੀ ਕਸ਼ਟ ਕਲੇਸ਼
ਇਨ ਨੈਣਾਂ ਦੀ ਅੰਮ੍ਰਿਤਧਾਰਾ, ਜੀਵਨ ਦਏ ਵਿਸ਼ੇਸ਼
ਇਸ ਮੁਖ-ਮੰਡਲ ਦੇ ਦਰਸ਼ਨ ਹੀ, ਭੈ-ਨਾਸ਼ਕ ਭਵਜਲ ਦੇ :
ਜੋ ਤਕੇ, ਨਤਮਸਤਕ ਹੋਵੇ, ਰਹਿਸੋ ਸੁਖੀ ਹਮੇਸ਼ । ੧੭੫ ।

ਇਸ ਅਵਤਾਰ ਦਿਵਸ ਦੇ ਅਵਸਰ, ਦਾਨ ਦਿਓ ਦਾਤਾਰ
ਮਨ-ਮੰਦਰ ਵਿਚ ਇਸ ਮੂਰਤ ਬਿਨ, ਹੋਰ ਨ ਰਹੇ ਅਸਾਰ
ਕਾਮ, ਕ੍ਰੋਧ, ਮਦ, ਲੋਭ, ਮੋਹ ਸਭ, ਸੰਜਮ ਦੇ ਵਿਚ ਆਣ :
ਸਦੇ ਗੁਣ ਵਧਣ ਫੁੱਲਣ ਦਿਨ ਪਰ ਦਿਨ, ਹਰ ਥਾਂ ਹੋਣ ਦੀਦਾਰ । ੧੭੬ ।



Namdhari Elibrary NamdhariElibrary@gmail.com

ਨਾ ਜੀ ਵੇਖੋ ਕਰਮ ਅਸਾਡੇ, ਅਪਣਾ ਬਿਰਦ ਵਿਚਾਰੋ
ਮੋਹ ਮਾਇਆ ਭਵ ਸਾਗਰ ਡੁਬਦੇ, ਬਖ਼ਸ਼ਸ਼ ਕਰ ਕੇ ਤਾਰੋ
ਬਹੁਤ ਹੋਈ ! ਅਭਿਮਾਨ ਭੋਗਿਆ, ਹੋਰ ਨ ਹੁਣ ਅਜ਼ਮਾਓ :
ਅਪਣੇ ਜਾਣ ਬਾਹ ਦੇ ਅਪਣੀ, ਪ੍ਰਭ ਜੀ ਜਲਦ ਉਬਾਰੋ । ੧੭੭ ।

ਜੇ ਤੇਰੇ ਚਰਨਾਂ ਸੰਗ ਲਿਪਟਾਂ, ਤਾਂ ਪਰਮੇਸ਼ਰ ਧਿਆਵਾਂ
ਜੇ ਤੇਰੇ ਬਚਨਾਂ ਤੇ ਚੱਲਾਂ, ਤਾਂ ਸੁਖ ਸਦਹੀ ਪਾਵਾਂ
ਜੇ ਤੇਰੇ ਨੈਣਾਂ ਵਿੱਚ ਆਵਾਂ, ਜੀਵਨ ਮੁਕਤਿ ਕਹਾਵਾਂ
ਤੂੰ ਹੀ ਤੂੰ ਦਿਸੇਂ ਹਰ ਪਾਸੇ, ਤਾਂ ਮੈਂ, ਤੂੰ ਹੋ ਜਾਵਾਂ । ੧੭੮ ।



Namdhari Elibrary NamdhariElibrary@gmail.com

ਤੂੰ ਤਾਂ ਹੈਂ ਹਰ ਪਲ ਹਰ ਥਾਂ ਵਿਚ, ਮੈਂ ਜਦ 'ਹਉਂ' ਵਿਚ ਹੋਂਵਾ
ਤੇਰੇ ਵਿਚ ਭਰਪੂਰ ਰਹਿੰਦਿਆਂ, ਸਮਝਾਂ, ਵੱਖ ਖਲੋਂਵਾ
ਓਨਾ ਚਿਰ ਹੀ ਦੁੱਖ ਕਸ਼ਟ ਨੇ, ਪਾਣੀ ਕਤਰੇ ਵਾਂਗਰ
ਜੇ ਸਾਗਰ ਦਾ ਅਨੁਭਵ ਹੋਵੇ, ਕਿਉਂ ਮੈਂ ਝੁਰਾਂ ਜਾਂ ਰੋਵਾਂ । ੧੭੯ ।

ਕੱਲ੍ਹ ਮੈਂ ਤੇਰਾ ਰੂਪ ਤੱਕਿਆ, ਮਾਂ ਦੀ ਗੋਦੇ ਬਾਲ
ਕਿੰਵ ਅਰੂਪੋਂ ਤੂੰ ਫੁਟਦਾ ਏਂ, ਵੇਖਿਆ ਇਹੋ ਕਮਾਲ
ਜਿਉਂ ਜਿਉਂ ਵਧੇਂ, ਫੁਲੇਂ, ਪਰਕਾਸ਼ੇਂ, ਲੈ ਦੁਨੀਆਂ ਦਾ ਗਿਆਨ :
ਤੈਥੋਂ ਸਦਕੇ ਹੋ ਹੋ ਜਾਈਏ, ਭੁੱਲ ਕੇ ਤੈਨੂੰ ਨਾਲ । ੧੮੦ ।



Namdhari Elibrary NamdhariElibrary@gmail com

ਅੱਜ ਸੰਗੀਤ ਦੀਆਂ ਸੁਰ-ਤਾਲਾਂ, ਜਦ ਦਾ ਵਿੱਚ ਥਰ੍ਰਾਈਆਂ
ਮੇਰੇ ਤੇ ਉਹ ਤੇਰਾ ਜਾਦੂ ਬਣ ਕੇ, ਪ੍ਰੀਤਮ, ਛਾਈਆਂ
ਕਿੰਨਾ ਪਿਆਰਾ, ਕਿੰਨਾ ਮਿੱਠਾ, ਕਿੰਨਾ ਵਿਵਧ ਸੁਆਦਾ :
ਵਾਹ ਪਿਆਰੇ ਬਲਿਹਾਰੇ ਤੇਰੇ, ਅੱਜ ਨਵ-ਖੁਸ਼ੀਆਂ ਥਿਆਈਆਂ । ੧੮੧

ਪ੍ਰੀਤਮ ! ਜਦ ਤੂੰ ਅੰਦਰ ਹੋਵੇਂ, ਕੀ ਰਹਿੰਦਾ ਏ ਬਾਹਰ
ਘਰ ਵਿੱਚ ਹੀ ਦੁਨੀਆਂ ਵੱਸ ਜਾਂਦੀ, ਲੁਕਿਆ ਹੋਵੇ ਜ਼ਾਹਰ
ਅਨਹਦ ਰਸ ਕੋਈ ਛਾ ਜਾਂਦਾ ਏ ਤੇ ਅਨਹਤ ਸੰਗੀਤ :
ਇਕ ਅਨਜਾਣ ਜਿਹਾ ਵੀ ਪ੍ਰੀਤਮ, ਹੋ ਜਾਵੇ ਤਦ ਮਾਹਰ । ੧੮੨ ।



Namdhari Elibrary NamdhariElibrary@gmail com

ਤੂੰ ਹੀ ਹੈਂ, ਪਰ ਤੂੰ ਹੀ ਹੈ ਨਹੀਂ, ਹਰ ਇਕ ਵਿੱਚੋਂ ਤੱਕਾਂ
ਤੇਰਾ ਰੂਪ ਅਨੂਪ ਅਰੂਪਮ ਵੇਖਣ ਤੋਂ ਕਿਉਂ ਝੱਕਾਂ
ਜਿਸ ਵਿੱਚੋਂ ਤੂੰ ਨਜਰ ਨ ਆਵੇਂ ਐਸੀ ਕੋਈ ਨਹੀਂ ਸੂਰਤ :
ਤੇਰੀ ਕਿਰਪਾ ਨਾਲ ਪ੍ਰੀਤਮ ਥੁਰ ਦੇਖਣ ਤੋਂ ਡੱਕਾਂ । ੧੯੩ ।

ਦੇਰ ਨ ਲਾ, ਹੁਣ ਦਰਸ ਪਰਸ ਦੇਹ, ਮੈਨੂੰ ਕੁਝ ਕੁਝ ਹੋਵੇ
ਤੇਰੀ ਪਿਆਰ-ਪੀੜ ਵਿਚ ਪ੍ਰੀਤਮ ਰੋਮ ਰੋਮ ਅੱਜ ਰੋਵੇ
ਜੇ ਤੂੰ ਦੇਰ ਕਰੀ, ਤਾਂ ਵੇਖੀਂ ਹੰਝੂਆਂ ਦਾ ਹੜ੍ਹ ਥੀਸਾ :
ਜਿਸ ਵਿਚ ਤੇਰੀ ਸਾਰੀ ਲੀਲ੍ਹਾ, ਰੁੜ੍ਹਦੀ ਨਹੀਂ ਖਲੋਵੇ । ੧੯੪ ।



Namdhari Elibrary NamdhariElibrary@gmail com

ਉਸ ਅਰੂਪ ਨੂੰ ਮੈਂ ਕੀ ਜਾਣਾ, ਜਿਸ ਦਾ ਵਿਸ਼ਵ-ਪਸਾਰ
ਮੇਰੇ ਲਈ ਸਾਕਾਰ ਸਤਿਗੁਰੂ, ਹੈ ਅਰੂਪ ਦਾ ਸਾਰ
ਉਸ ਨੂੰ ਸੇਵਾਂ, ਉਨ੍ਹੰ ਅਰਾਧਾਂ, ਉਸ ਤੋਂ ਸਭ ਕੁਛ ਮੰਗਾਂ :
ਜਿਸ ਦੀ ਇਕ ਮੁਸਕਾਨ ਵਿਚ ਨੇ, ਲੱਖਾਂ ਕੋਟ ਭੰਡਾਰ । ੧੯੫ ।

ਮੇਰੇ ਸਤਿਗੁਰ ਅੱਜ ਤੂੰ ਮੈਨੂੰ ਕੈਸੀ ਹੈ ਛੁਹ ਲਾਈ
ਜਿਉਂ ਉਬਾਲ ਨੂੰ ਠੰਢਕ ਪੈ ਗਈ ਸ੍ਵਾਂਤੀ ਬੂੰਦ ਬਿਆਈ
ਮਸਤੀ ਦੀ ਇਕ ਮਿਲੀ ਵਾਟਿਕਾ, ਸਹਿਰਾਵਾਂ ਦੀ ਤਪਸ਼ੋਂ :
ਕ੍ਰਿਪਾ ਦ੍ਰਿਸ਼ਟਿ ਸਦਾ ਰੱਖ ਪ੍ਰੀਤਮ, ਜਾਵੇ ਪ੍ਰੀਤ ਨਿਭਾਈ । ੧੯੬ ।



Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com